# ਜਿਨ੍ਹਾਂ ਸਿਦਕ ਨਹੀਂ ਹਾਰਿਆ...

# 25 ਵਰ੍ਹੇ ਜਲਾਵਤਨੀ ਦੇ

ਕਲਮ ਦਾ ਧਨੀ
ਕਰਮ ਦਾ ਸੂਰਮਾ :

## ਗਜਿੰਦਰ ਸਿੰਘ





**ਸਤਨਾਮ ਸਿੰਘ**
**(ਪਾਉਂਟਾ ਸਾਹਿਬ)**
**ਪ੍ਰਧਾਨ, ਦਲ ਖ਼ਾਲਸਾ**

# ਜੀਵਨ ਬਿਓਰਾ...

29.08.1951
ਕਸ਼ਮੀਰ ਸਿੰਘ ਤੇ ਭਗਵੰਤ ਕੌਰ ਦੇ ਗ੍ਰਹਿ ਸਤਿਨਾਮ ਸਿੰਘ ਦਾ ਜਨਮ ।

22.05.1964
ਸਤਨਾਮ ਸਿੰਘ ਨੇ ਪਾਉਂਟਾ ਸਾਹਿਬ ਵਿੱਚ ਨਿਹੰਗਾਂ ਦਾ ਕਤਲੇਆਮ ਅੱਖੀਂ ਵੇਖਿਆ। ਇਸ ਘਟਨਾ ਨੇ ਗੁਲਾਮੀ ਦਾ ਅਹਿਸਾਸ ਜਗਾਇਆ।

22.05.1973
ਹਿਮਾਚਲ ਸਟੇਟ ਅਕਾਲੀ ਦਲ ਦੀ ਸਥਾਪਨਾ ਤੇ ਸਤਨਾਮ ਸਿੰਘ ਜਨਰਲ ਸਕੱਤਰ ਨਿਯੁਕਤ ।

06-08-1978
ਦਲ ਖ਼ਾਲਸਾ ਦੀ ਕਾਇਮੀ, ਸਤਨਾਮ ਸਿੰਘ ਸੁਪਰੀਮ ਪੰਚਾਇਤ ਵਿੱਚ ਮੈਂਬਰ ।

27-08-1981
ਪੰਜਾਬ ਅਸੈਂਬਲੀ ਵਿਚ ਖਾਲਿਸਤਾਨ ਜ਼ਿੰਦਾਬਾਦ ਦੇ ਨਾਅਰੇ ਲਗਾਉਣ ਉਪਰੰਤ ਗ੍ਰਿਫਤਾਰੀ।

29-09-1981
ਗਜਿੰਦਰ ਸਿੰਘ, ਸਤਨਾਮ ਸਿੰਘ, ਜਸਬੀਰ ਸਿੰਘ, ਕਰਨ ਸਿੰਘ ਤੇ ਤੇਜਿੰਦਰਪਾਲ ਸਿੰਘ ਨੇ ਭਾਰਤੀ ਹਵਾਈ ਜਹਾਜ ਅਗਵਾ ਕੀਤਾ । ਲਾਹੌਰ ਲੈ ਗਏ ।

09-03-1985
ਪਾਕਿਸਤਾਨ ਵਿੱਚ ਜਹਾਜ਼ ਅਗਵਾ ਕਾਂਡ ਦੀ ਸਪੈਸ਼ਲ ਕੋਰਟ ਵਿੱਚ ਸੁਣਵਾਈ ਆਰੰਭ ।

20-01-1986
ਪਾਕਿਸਤਾਨ ਦੀ ਸਪੈਸ਼ਲ ਅਦਾਲਤ ਵਲੋਂ ਉਮਰ ਕੈਦ ਦੀ ਸਜਾ।

29.05.1993
ਸਤਨਾਮ ਸਿੰਘ ਦੀ ਮਾਤਾ ਦਾ ਅਕਾਲ ਚਲਾਣਾ ।

31-10-1994
ਪਾਕਿਸਤਾਨ ਦੀ ਕੋਟ ਲੱਖਪਤ ਜੇਲ੍ਹ ਤੋਂ ਰਿਹਾਈ ।

22.03.1995
ਅਮਰੀਕਾ ਲਈ ਰਵਾਨਾ, ਨਿਊਜਰਸੀ ਜੇਲ੍ਹ ਵਿੱਚ ਫਿਰ ਕੈਦ ।

14.08.1998
ਅਮਰੀਕਾ ਤੋਂ ਪਾਕਿਸਤਾਨ ਵਾਪਸੀ ।

23.01.1999
ਸਤਨਾਮ ਸਿੰਘ ਭਾਰਤ ਪਰਤੇ, ਦਿੱਲੀ ਦੀ ਅਦਾਲਤ ਵਿੱਚ ਪੇਸ਼ । ਤਿਹਾੜ ਜੇਲ੍ਹ ਵਿੱਚ ਨਜ਼ਰਬੰਦ।

12-02-2000
ਦਿੱਲੀ ਦੀ ਇਕ ਅਦਾਲਤ ਵੱਲੋਂ ਸਤਨਾਮ ਸਿੰਘ ਜਹਾਜ ਅਗਵਾ ਕੇਸ ਵਿਚੋਂ ਬਰੀ ।

18.02.2001
ਬੀਬੀ ਪਰਮਿੰਦਰ ਕੌਰ ਨਾਲ ਅਨੰਦ ਕਾਰਜ ।

02.10.2005
ਦਲ ਖਾਲਸਾ ਦੇ ਪ੍ਰਧਾਨ ਥਾਪੇ ਗਏ।

# ਕੀ ਗਜਿੰਦਰ ਸਿੰਘ ਦੀ ਜਲਾਵਤਨੀ ਖਤਮ ਹੋਵੇਗੀ ?

## ਗਜਿੰਦਰ ਸਿੰਘ ਦੀ ਸਮੱਸਿਆ ਸੀ ਕਿ ਉਹ ਇਕੋ ਵੇਲੇ ਦੋ ਦੁਸ਼ਮਣਾਂ ਬ੍ਰਾਹਮਣੀ ਹਕੂਮਤ ਤੇ ਰਵਾਇਤੀ ਅਕਾਲੀਆਂ ਨਾਲ ਨਹੀ ਸੀ ਲੜ ਸਕਦਾ

ਸ. ਗਜਿੰਦਰ ਸਿੰਘ ਨੂੰ ਸਿੱਖ ਸਿਆਸਤ ਦੇ ਕੇਂਦਰੀ-ਧੁਰੇ ਤੋਂ ਲਾਂਭੇ ਹੋਇਆ 25 ਵਰ੍ਹੇ ਬੀਤ ਗਏ ਹਨ। ਆਪਣੀ ਜਲਾਵਤਨੀ ਦਾ ਵੱਡਾ ਭਾਗ ਉਸਨੇ ਪਾਕਿਸਤਾਨ ਵਿੱਚ ਬਿਤਾਇਆ ਹੈ । ਪਾਕਿਸਤਾਨ ਜੇਲ੍ਹ ਵਿੱਚ ਬਿਤਾਇਆ ਲੰਮਾ ਸਮਾਂ ਉਸਦੇ ਇਕ ਸਿਆਸੀ ਕਾਰਕੁੰਨ ਤੋਂ ਇੱਕ ਆਗੂ ਵਿੱਚ ਤਬਦੀਲ ਹੋਣ ਦਾ ਗਵਾਹ ਹੈ ।

ਸਿਖ ਸੰਘਰਸ਼ ਦੇ ਆਦਰਸ਼ਕ ਯੋਧੇ, ਇਨਕਲਾਬੀ ਕਵੀ ਅਤੇ ਦਲ ਖ਼ਾਲਸਾ ਦੇ ਕੇਂਦਰ-ਬਿੰਦੂ ਦੇ ਰੂਪ ਵਿੱਚ ਉਸਦੀ ਪ੍ਰਸਿਧੀ ਹੈ । ਇਹ ਜਰੂਰੀ ਹੈ ਕਿ 20ਵੀਂ ਸਦੀ ਸਿੱਖ ਇਤਿਹਾਸ ਵਿੱਚ ਨਿਭਾਈ ਮਹੱਤਵਪੂਰਨ ਭੂਮਿਕਾ ਕਾਰਨ ਸ. ਗਜਿੰਦਰ ਸਿੰਘ ਦੀ ਸ਼ਖ਼ਸ਼ੀਅਤ ਦਾ ਇੱਕ ਆਗੂ ਤੇ ਨੀਤੀਵਾਨ ਵਜੋਂ ਮੁਲੰਕਣ ਕੀਤਾ ਜਾਵੇ। ਉਸਦਾ 25 ਸਾਲਾ ਸੰਘਰਸ਼ਮਈ ਜੀਵਨ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਇੱਕ ਵਚਨਬੱਧ ਵਿਅਕਤੀ ਅਸਧਾਰਨ ਸਮਿਆਂ ਵਿਚ ਔਕੜਾਂ/ਮੁਸ਼ਕਲਾਂ ਨਾਲ ਜੂਝਦੇ ਹੋਏ ਕੌਮ ਵਿੱਚ ਇਕ 'ਖਾਸ' ਮੁਕਾਮ ਪ੍ਰਾਪਤ ਕਰ ਸਕਦਾ ਹੈ । ਆਲੋਚਨਾਵਾਂ ਦੇ ਬਾਵਜੂਦ, ਇਹ ਮੰਨਣਾ ਪਵੇਗਾ ਕਿ ਉਹ ਸਿੱਖ ਆਜ਼ਾਦੀ ਸੰਘਰਸ਼ ਦਾ ਹੌਂਸਲਾ-ਭਰਪੂਰ ਅਤੇ ਦੂਰ- ਅੰਦੇਸ਼ ਆਗੂ ਹੈ ।

ਗਜਿੰਦਰ ਸਿੰਘ ਦਾ ਪੱਕਾ ਵਿਸ਼ਵਾਸ਼ ਹੈ ਕਿ ਸਿੱਖ ਹੱਕਾਂ ਦੀ ਰਾਖੀ ਤੇ ਧਰਮ ਦੀ ਚੜ੍ਹਦੀ ਕਲਾ ਲਈ ਆਜ਼ਾਦ ਸਿੱਖ ਰਾਜ ਸਿਰਜਣਾ ਬੇਹੱਦ ਜਰੂਰੀ ਹੈ। ਉਹ ਖ਼ਾਲਿਸਤਾਨ ਦੀ ਲਹਿਰ ਦੇ ਮੁੱਢਲੇ ਨੈਣ-ਨਕਸ਼ ਉਲੀਕਣ ਵਾਲਿਆਂ ਵਿੱਚੋਂ ਇਕ ਹੈ। ਉਹ ਸਿਧਾਂਤਕ ਸਿੱਖ ਸਿਆਸਤ ਦਾ ਆਦਰਸ਼ਕ ਦੂਤ ਹੈ ।

ਉਹ ਇਕ ਪ੍ਰੇਰਨਾ-ਦਾਇਕ ਹਸਤੀ ਹੈ, ਕੇਵਲ ਇਸ ਕਰਕੇ ਨਹੀਂ ਕਿ ਉਸਨੇ ਹਕੂਮਤ ਦੀਆਂ ਬੇਇਨਸਾਫੀ ਅਤੇ ਵਿਤਕਰੇ ਭਰੀਆਂ ਨੀਤੀਆਂ ਖਿਲਾਫ ਅਵਾਜ਼ ਬੁਲੰਦ ਕੀਤੀ, ਇਸ ਤੋਂ ਵੱਧ ਉਸਨੇ ਅਮਲਾਂ ਵਿਚ "ਕੁੱਝ" ਕਰ ਵਿਖਾਇਆ ਹੈ। ਜੀਵਨ ਦੇ ਆਰੰਭਕ ਵਰ੍ਹਿਆ ਵਿੱਚ ਹੀ ਉਸਦੇ ਅੰਦਰ ਸਖਤ ਮੇਹਨਤ ਅਤੇ ਜਿੱਤ ਪ੍ਰਾਪਤ ਕਰਨ ਦੀ ਇੱਛਾ ਰਹੀ ਹੈ। ਚੰਡੀਗੜ੍ਹ ਕਾਲਜ ਵਿੱਚ ਪੜ੍ਹਨ ਵੇਲੇ ਤੋਂ ਹੀ ਉਹ ਪੰਥਕ ਕਾਰਜਾਂ ਵਿਚ ਜੁਟ ਗਏ ਸਨ। ਉਨਾਂ ਨੇ ਵਿਦਿਆਰਥੀ ਜਦੋਜਹਿਦ ਵਿੱਚ ਪ੍ਰਮੁੱਖ ਭੂਮਿਕਾ ਨਿਭਾਈ।

ਗਜਿੰਦਰ ਸਿੰਘ ਸਿਰਦਾਰ ਕਪੂਰ ਸਿੰਘ ਨੂੰ ਆਪਣਾ ਸਿਆਸੀ ਤੇ ਵਿਚਾਰਧਾਰਕ ਆਗੂ ਤਸਲੀਮ ਕਰਦਾ ਹੈ। ਜੋ ਕਿ ਉਨ੍ਹਾਂ ਵਾਂਗ ਹੀ ਕੌਮੀ ਮਕਸਦ ਨੂੰ ਸਮਰਪਿਤ ਸ਼ਖਸੀਅਤ ਸਨ ।

ਸ਼੍ਰੋਮਣੀ ਅਕਾਲੀ ਦਲ ਦੇ ਇਕ ਯੂਥ ਆਗੂ ਦੇ ਸ. ਗਜਿੰਦਰ ਸਿੰਘ ਦੇ ਸਿਖ ਸੰਘਰਸ਼ ਵਿੱਚ ਨਿਭਾਏ ਰੋਲ ਸਬੰਧੀ ਆਖੇ ਲਫਜ਼ ਮੈਂ ਦੁਹਰਾਉਣੇ ਚਾਹੁੰਦਾ ਹਾਂ । ਸ਼੍ਰੋਮਣੀ ਗੁ.ਪ੍ਰ.ਕਮੇਟੀ ਦੇ ਮੈਂਬਰ ਕਰਨੈਲ ਸਿੰਘ ਪੰਜੋਲੀ ਆਖਦੇ ਹਨ, "ਸਿੱਖ ਸੰਘਰਸ਼ ਦਾ ਸਿਧਾਂਤਕ ਤਰਜ਼ਮਾਨ ਹੋਣ ਦੇ ਨਾਤੇ ਉਸਦੀ ਕੌਮੀ ਮਕਸਦ ਪ੍ਰਤੀ ਦੇਣ ਕਾਬਿਲੇ-ਤਾਰੀਫ ਹੈ । ਉਸ ਵੱਲੋਂ ਕੀਤੇ ਕੰਮ ਉਸ ਦੇ ਮਾਣ ਅਤੇ ਕੱਦ ਨੂੰ ਵਧਾਉਂਦੇ ਹਨ।"

ਗਜਿੰਦਰ ਸਿੰਘ ਦੀ ਇਕ ਸੂਝਵਾਨ ਲਿਖਾਰੀ ਵਜੋਂ ਸਿਫਤ ਹੋਈ ਹੈ । ਉਸਦੀ ਪ੍ਰਾਪਤੀ ਇਹ ਵੀ ਹੈ ਕਿ ਉਹ ਇੱਕ ਸਤਿਕਾਰਤ ਇਨਕਲਾਬੀ ਕਵੀ ਵਜੋਂ ਪ੍ਰਵਾਨ ਹੋਇਆ ਹੈ । ਉਹ ਉਨ੍ਹਾਂ ਆਗੂਆਂ ਵਿਚੋਂ ਇਕ ਹੈ ਜਿਨ੍ਹਾਂ ਨੇ ਸਿੱਖਾਂ ਅੰਦਰ ਮਨੁੱਖੀ ਤੇ ਸਿਆਸੀ ਹੱਕਾਂ ਦੀ ਮੁੜ ਬਹਾਲੀ ਲਈ ਜੂਝਣ ਦੀ ਭਾਵਨਾ ਪ੍ਰਚੰਡ ਕੀਤੀ । 1978 ਵਿੱਚ ਦਲ ਖ਼ਾਲਸਾ ਦੀ ਸਿਰਜਣਾ ਮੌਕੇ ਖੁਦਮੁਖਤਿਆਰੀ ਦੀ ਥਾਂ 'ਮੁਕੰਮਲ ਆਜ਼ਾਦੀ' ਦੀ ਗੱਲ ਕਰਕੇ ਉਸਨੇ ਸਾਬਿਤ ਕਰ ਦਿਤਾ ਕਿ ਉਹ ਰਵਾਇਤੀ ਅਕਾਲੀਆਂ ਨਾਲੋਂ ਕਿਤੇ ਅੱਗੇ ਸੀ ।

ਗਜਿੰਦਰ ਸਿੰਘ ਦਾ ਮੁਲੰਕਣ ਕਰਦੇ ਵਕਤ ਸਿੱਖਾਂ ਦੇ ਮਨ ਅੰਦਰ ਕਈ ਤਰ੍ਹਾਂ ਦੇ ਵਿਚਾਰ ਚਲਦੇ ਹਨ । ਬਹੁਤ ਸਾਰੇ, ਜੋ ਉਸਦੀ ਵਚਨਬੱਧਤਾ ਦੇ ਕਾਇਲ ਹਨ, ਦਾ ਉਹ ਮਹਿਬੂਬ ਆਗੂ ਹੈ ।ਖਾਲਿਸਤਾਨ ਸੰਘਰਸ਼ ਨੂੰ ਖੜਾ ਕਰਨ ਵਿੱਚ ਪਾਏ ਉਸ ਦੇ ਯੋਗਦਾਨ ਨੂੰ ਛੁਟਿਆਉਣ ਲਈ ਕਈ ਤਰ੍ਹਾਂ ਦੇ ਵਿਅੰਗ ਕਸੇ ਗਏ ਹਨ । ਅਜਿਹੇ ਵੀ ਹਨ ਜੋ ਉਸਨੂੰ ਕਾਂਗਰਸ ਦੀ ਪੈਦਾਵਾਰ ਆਖਦੇ ਹਨ ਜੋ ਕਿ ਅਸਲੀਅਤ ਤੋਂ ਕੂਹਾਂ ਦੂਰ ਦੀ ਗੱਲ ਹੈ। ਗਜਿੰਦਰ ਸਿੰਘ ਦੀ ਸਮੱਸਿਆ ਸੀ ਕਿ ਉਹ ਇਕੋ ਵੇਲੇ ਦੋ ਦੁਸ਼ਮਣਾਂ ਬ੍ਰਾਹਮਣੀ ਹਕੂਮਤ ਤੇ ਰਵਾਇਤੀ ਅਕਾਲੀਆਂ ਨਾਲ ਨਹੀ ਸੀ ਲੜ ਸਕਦਾ । ਉਸਨੂੰ ਵਿਚਾਰਧਾਰਕ ਵਿਰੋਧੀਆਂ (ਅਕਾਲੀਆਂ) ਨਾਲੋਂ ਬ੍ਰਾਹਮਣੀ ਹਕੂਮਤ

ਇਹ ਦਸਤਾਵੇਜ਼ ਸ. ਗਜਿੰਦਰ ਸਿੰਘ ਦੀ 25 ਸਾਲਾ ਜਲਾਵਤਨੀ ਨੂੰ ਸਮਰਪਿਤ ਹੈ। ਅਸੀਂ ਇਸ ਦਸਤਾਵੇਜ਼ ਰਾਹੀਂ ਉਨ੍ਹਾਂ ਦੀ ਜ਼ਿੰਦਗੀ ਵਿੱਚ ਉਨ੍ਹਾਂ ਵਲੋਂ ਕੀਤੀ ਕੁਰਬਾਨੀ ਨੂੰ ਸਿਜਦਾ ਕਰਦੇ ਹਾਂ। ਉਨ੍ਹਾਂ ਦੇ ਜੀਵਨ ਦੇ ਪੱਖਾਂ ਨੂੰ ਸਿੱਖ ਸੰਗਤ ਦੀ ਨਜ਼ਰ ਕਰਨ ਲਈ ਇਹ ਸਾਡਾ ਨਿਮਾਣਾ ਯਤਨ ਹੈ। ਹਰ ਪੰਨੇ ਉੱਤੇ ਅਸੀਂ ਉਨ੍ਹਾਂ ਦੀਆਂ ਕਵਿਤਾਵਾਂ ਦਿੱਤੀਆਂ ਹਨ ਤਾਂ ਜੋ ਅੱਜ ਦੇ ਨੌਜਵਾਨ ਵੀ ਪਿਛਲੀ ਪੀੜ੍ਹੀ ਦੇ ਅਹਿਸਾਸਾਂ ਅਤੇ ਵਲਵਲਿਆਂ ਨੂੰ ਮਹਿਸੂਸ ਕਰ ਸਕਣ।

ਖਿਲਾਫ ਲੜਨਾ ਪ੍ਰਮੁੱਖ ਤੇ ਮਹੱਤਵਪੂਰਨ ਕਾਰਜ ਜਾਪਿਆ ।

ਗਜਿੰਦਰ ਸਿੰਘ ਵਲੋਂ ਕੀਤੀ ਹਾਈਜੈਕਿੰਗ, ਜਿਸ ਦੇ ਬਦਲੇ ਉਸ ਨੂੰ 14 ਵਰ੍ਹੇ ਜੇਲ ਦੀ ਕੋਠੜੀ ਵਿੱਚ ਬਿਤਾਉਣੇ ਪਏ, ਦੀ ਕਈ ਪਾਸਿਉਂ ਆਲੋਚਨਾ ਹੋਣੀ ਸੁਭਾਵਿਕ ਸੀ ਪਰ ਇਥੇ ਇਹ ਧਿਆਨ ਰੱਖਣ ਯੋਗ ਗੱਲ ਹੈ ਕਿ ਸਿੱਖ ਕੌਮ ਪ੍ਰਤੀ ਭਾਰਤੀ ਆਗੂਆਂ ਦੇ ਪਖਪਾਤੀ ਰਵਈਏ ਅਤੇ ਧਕੇਸ਼ਾਹੀ ਕਾਰਨ ਉਸ ਵੇਲੇ ਦੀ ਨੌਜਵਾਨ ਪੀੜੀ ਪੂਰੀ ਤਰ੍ਹਾਂ ਬਦਜਨ ਹੋ ਚੁੱਕੀ ਸੀ। ਅਜਿਹੇ ਹਾਲਾਤਾਂ ਵਿਚ ਕੌਮ-ਪ੍ਰਸਤ ਮਰਜੀਵੜਿਆਂ ਦਾ "ਘਰ" ਬੈਠਣਾ ਔਖਾ ਸੀ।

ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ 1978 ਤੋਂ 1981 ਤੱਕ ਸਿੱਖ ਆਗੂਆਂ ਵੱਲੋਂ ਸਿੱਖ ਸਮੱਸਿਆ ਨੂੰ ਹੱਲ ਕਰਨ ਦੇ ਕਿਸੇ ਵੀ ਯਤਨ ਨੂੰ ਨਵੀਂ ਦਿਲੀ ਦੇ ਸ਼ਾਸਕਾਂ ਵਲੋਂ ਕਦੇ ਵੀ ਹਾਂ-ਪਖੀ ਹੁੰਗਾਰਾ ਨਹੀਂ ਸੀ ਮਿਲਿਆ । ਬਣੇ ਹੋਏ ਹਾਲਾਤਾਂ ਕਾਰਨ ਸ. ਗਜਿੰਦਰ ਸਿੰਘ ਨੂੰ ਦੁਨੀਆਂ ਦਾ ਧਿਆਨ ਸਿੱਖਾਂ ਦੀ ਦੁਰਦਸ਼ਾ ਵੱਲ ਖਿਚਣ ਲਈ " ਸਿਰੇ ਦਾ ਕਦਮ" ਚੁੱਕਣਾ ਪਿਆ। ਗਜਿੰਦਰ ਸਿੰਘ ਵਲੋਂ ਉਨ੍ਹਾਂ ਵੇਲਿਆਂ ਵਿੱਚ ਲਿਆ ਹੋਇਆ ਫੈਸਲਾ ਤਰਕਪੂਰਨ ਤੇ ਢੁਕਵਾਂ ਜਾਪਦਾ ਹੈ ਪਰ ਇਹ ਸਵਾਲ ਜ਼ਰੂਰ ਉੱਠਦਾ ਹੈ ਕਿ ਕੀ ਉਹ ਸਿੱਖ ਸੰਘਰਸ਼ ਨੂੰ ਹੋਰ ਵੱਧ ਦੇਣ ਦੇ ਸਕਦੇ ਸਨ ਜੇਕਰ ਉਹਨਾਂ ਸਮਿਆਂ ਵਿਚ ਪੰਜਾਬ ਅੰਦਰ ਮੌਜੂਦ ਹੁੰਦੇ ?

ਗਜਿੰਦਰ ਸਿੰਘ ਹਾਈਜੈਕਿੰਗ ਮਗਰੋਂ ਕੈਦ ਹੋ ਗਿਆ ਤੇ ਦਲ ਖ਼ਾਲਸਾ ਉਪਰ ਵਕਤੀ ਤੌਰ ਤੇ ਪਾਬੰਦੀ ਲਾ ਦਿਤੀ ਗਈ । ਉਸਦੀ ਕਮਜ਼ੋਰੀ ਇਹ ਰਹੀ ਕਿ ਉਹ ਚਾਹੁੰਦਾ ਹੋਇਆ ਵੀ ਮਜਬੂਤ ਜਥੇਬੰਦਕ ਢਾਂਚਾ ਨਹੀਂ ਸਿਰਜ ਸਕਿਆ । ਉਹ ਦੂਜੀ ਕਤਾਰ ਦੀ ਲੀਡਰਸ਼ਿਪ ਵੀ ਨਾ ਖੜੀ ਕਰ ਸਕਿਆ ਜੋ ਹਕੂਮਤ ਦੇ ਜ਼ਬਰ ਸਾਹਮਣੇ ਡਟੀ ਰਹਿੰਦੀ ਤੇ ਜਥੇਬੰਦਕ ਕੰਮ ਅੱਗੇ ਤੋਰੀ ਰੱਖਦੀ । ਨਤੀਜੇ ਵਜੋਂ 1982 ਤੋਂ 1998 ਤਕ ਦਲ ਖ਼ਾਲਸਾ ਕੌਮ ਦੀਆਂ ਅੱਖੋ ਤੋਂ ਉਹਲੇ ਹੋ ਗਿਆ ।

ਗਜਿੰਦਰ ਸਿੰਘ ਵਲੋਂ ਦਲ ਖ਼ਾਲਸਾ ਦੀ ਕੀਤੀ ਸਿਰਜਣਾ ਅਤੇ ਉਸਦੀ ਅਜੋਕੀ ਸਥਿਤੀ ਬਾਰੇ ਸਵਾਲ ਉਠਾਉਣਾ ਤਰਕਪੂਰਨ ਹੈ । ਭਾਵੇਂ ਉਸ ਦੀ ਜਥੇਬੰਦੀ ਸਿੱਖ ਕੌਮ ਦੇ ਹੱਕਾਂ ਦੀ ਰਾਖੀ ਲਈ ਕੋਈ ਬਹੁਤ ਪ੍ਰਭਾਵਸ਼ਾਲੀ ਭੂਮਿਕਾ ਨਹੀ ਨਿਭਾ ਸਕੀ ਪਰ ਜਥੇਬੰਦੀ ਨੇ ਪੰਥਕ ਖੇਤਰ ਵਿੱਚ ਆਪਣੇ ਲਈ ਇਕ ਵਿਸ਼ੇਸ਼ ਥਾਂ ਜ਼ਰੂਰ ਬਣਾ ਲਈ ਹੈ । ਬਦਕਿਸਮਤੀ ਵੱਸ ਜਦੋਂ 14 ਵਰ੍ਹੇ ਜੇਲ੍ਹ ਵਿੱਚ ਬਿਤਾਉਣ ਮਗਰੋਂ ਉਹ ਬਾਹਰ ਆਏ ਤਾਂ ਖ਼ਾਲਿਸਤਾਨ ਸੰਘਰਸ਼ ਆਸਮਾਨ ਦੀਆਂ ਬੁਲੰਦੀਆਂ ਛੋਹਣ ਤੋਂ ਬਾਅਦ ਮੱਧਮ ਪੈ ਚੁੱਕਾ ਸੀ।

ਉਸਨੂੰ ਪਿਆਰ ਕਰੀਏ ਜਾਂ ਨਫਰਤ! ਪਰ ਇਕ ਗਲ ਤੈਅ ਹੈ ਕਿ ਉਸ ਨੂੰ ਨਜ਼ਰ-ਅੰਦਾਜ਼ ਨਹੀ ਕੀਤਾ ਜਾ ਸਕਦਾ। ਆਦਰਸ਼ ਤੇ ਵਿਚਾਰਧਾਰਾ ਉਸਦੇ ਜੀਵਨ ਨੂੰ ਚਲਾਉਂਦੇ ਹਨ । ਜਿਵੇਂ ਕਿ ਉਹ ਆਪਣੀ ਜੇਲ ਡਾਇਰੀ ਵਿਚ ਲਿਖਦੇ ਹਨ; "ਇਨਕਲਾਬੀਆਂ ਲਈ ਸੁਪਨੇ ਸਿਰਜਣੇ ਬਹੁਤ ਮਹੱਤਵਪੂਰਨ ਹਨ ਕਿਉਂਕਿ ਸੁਪਨੇ ਹੀ ਵਿਚਾਰ ਪੈਦਾ ਕਰਦੇ ਹਨ ਤੇ ਵਿਚਾਰ ਹੀ ਕਾਰਜਾਂ ਨੂੰ ਜਨਮ ਦਿੰਦੇ ਹਨ । ਆਪਣੀ ਹਰ ਕਮੀ-ਪੇਸ਼ੀ ਦੇ ਬਾਵਜੂਦ ਉਹ ਦੁਨੀਆਂ ਵਿੱਚ ਆ ਰਹੇ ਬਦਲਾਵਾਂ ਪ੍ਰਤੀ ਚੇਤੰਨ ਤੇ ਜਾਗਰੂਕ ਹੈ । ਜਦੋਂ ਉਨਾਂ ਨੂੰ ਵਾਪਿਸ ਪੰਜਾਬ ਮੁੜ ਆਉਣ ਲਈ ਕਿਹਾ ਗਿਆ ਤਾਂ ਉਨਾਂ ਆਪਣੀ ਕੌਮ ਅਤੇ ਜਥੇਬੰਦਕ ਸਾਥੀਆਂ ਨੂੰ ਸੰਬੋਧਨ ਹੁੰਦਿਆਂ ਲਿਖਿਆ : " ਮੈ ਗੁਰੂ ਦੀ ਮੇਹਰ, ਮਾਂ ਦੀ ਪ੍ਰੇਰਨਾ ਅਤੇ ਪੰਥ ਦੇ ਸਹਿਯੋਗ ਸਦਕਾ ਆਪਣੀ ਭੂਮਿਕਾ ਅਤੇ ਵਾਰੀ ਬਾਖੂਬੀ ਨਿਭਾ ਚੁੱਕਾ ਹਾਂ। ਮੈਂ ਸਾਫ ਦਾਮਨ ਲੈ ਕੇ ਦੁਨੀਆਂ 'ਚੋਂ ਜਾਣਾ ਚਾਹੁੰਦਾ ਹਾਂ। ਸਿਧਾਂਤ ਅਤੇ ਸੰਘਰਸ਼ ਨੂੰ ਪਿੱਠ ਦੇਣ ਬਾਰੇ ਮੈਂ ਸੋਚ ਵੀ ਨਹੀ ਸਕਦਾ"।

ਆਪਣੀ ਜਲਾਵਤਨੀ ਦੇ 25 ਵਰ੍ਹੇ ਪੂਰੇ ਹੋਣ ਦੇ ਮੌਕੇ ਉਤੇ ਉਨਾਂ ਨੂੰ ਇਸ ਗਲ ਦੀ ਮਾਨਿਸਕ ਅਤੇ ਨੈਤਿਕ ਸੰਤੁਸ਼ਟੀ ਹੈ ਕਿ ਗੁਰੂ ਨੇ ਲੰਮਾ ਸਮਾਂ ਬਿਖੜੇ ਪੈਂਡਿਆਂ 'ਤੇ ਚੱਲਣ ਦਾ ਸਿਦਕ ਬਖਸ਼ਿਆ ਹੈ। ਕੌਣ ਜਾਣਦਾ ਹੈ ਕਿ ਉਹ ਕਿਸ ਪਲ ਪੰਜਾਬ ਪਰਤ ਆਵੇ? ਉਸਦੇ ਸਾਥੀ ਉਸ 'ਸ਼ੁਭ ਦਿਨ' ਦੀ ਉਡੀਕ ਬੇਸਬਰੀ ਨਾਲ ਕਰ ਰਹੇ ਹਨ।

-ਕੰਵਰਪਾਲ ਸਿੰਘ
ਸਰਬਜੀਤ ਸਿੰਘ ਘੁਮਾਣ

## ਇੰਝ ਹੀ ਹੁੰਦਾ ਆਇਆ ਹੈ

ਤੁਸੀਂ ਕੋਠੀਆਂ 'ਚ ਬੈਠੇ ਕੀ ਜਾਣੋ
ਕਿ ਮਾਛੀਵਾੜਾ ਕੀ ਹੁੰਦਾ ਹੈ
ਤੁਹਾਨੂੰ ਤਾਂ ਪੱਤਿਆਂ ਦਾ ਤਿੜਕਣਾ ਵੀ
ਖੌਫਨਾਕ ਲਗਦਾ ਹੈ
ਅਸੀਂ ਬਾਰੂਦ ਨਾਲ
ਅਠਖੇਲੀਆਂ ਦੀ ਇੱਛਾ ਲੈ ਕੇ
ਘਰੋਂ ਤੁਰੇ ਹਾਂ
ਜਦ ਸਾਡੇ ਚੋਂ
ਕਿਸੇ ਦੀ ਛਾਤੀ ਚੀਰ ਕੇ
ਗੋਲੀ ਲੰਘ ਜਾਵੇਗੀ
ਉਦੋਂ ਕੌਮ ਦੇ ਚੇਹਰੇ ਤੇ
ਨਵੀਂ ਰੌਣਕ ਆਵੇਗੀ
ਫਿਰ ਤੁਸੀਂ
ਜੈਕਾਰੇ ਵੀ ਛੱਡੋਗੇ
ਤਾੜੀਆਂ ਵੀ ਮਾਰੋਗੇ
ਹੋ ਸਕਿਆ ਤਾਂ ਗੱਲੀਂ ਬਾਤੀਂ
ਆਪਾ ਵੀ ਵਾਰੋਗੇ
ਇਹ ਕੋਈ ਨਵੀਂ ਗੱਲ ਨਹੀਂ
ਇੰਝ ਹੀ ਹੁੰਦਾ ਆਇਆ ਹੈ।
ਹਰ ਸ਼ਹੀਦ,
ਸ਼ਹੀਦ ਹੋਣ ਤੋਂ ਪਹਿਲਾਂ
ਗੱਦਾਰ ਅਖਵਾਇਆ ਹੈ
ਜਦ ਬੱਬਰਾਂ
ਬੰਦੂਕ ਨੂੰ ਹੱਥ ਪਾਇਆ ਸੀ
ਇਹਨਾਂ ਨੂੰ
ਉਦੋਂ ਵੀ ਭੈਅ ਆਇਆ ਸੀ
ਜੇ ਕਿਤੇ
ਫੌਜਾ ਸਿੰਘ ਤੁਰਨ ਤੋਂ ਪਹਿਲਾਂ
ਵੱਡੇ ਦਫਤਰ ਵਿਚ ਬੈਠਿਆਂ ਤੋਂ
ਪੁਛਣ ਚਲਾ ਜਾਂਦਾ
ਇਹਨਾਂ ਕਹਿਣਾ ਸੀ
"ਤੂੰ ਕਾਂਗਰਸ ਦਾ ਏਜੰਟ ਏਂ
ਪੰਥ ਦਾ ਗੱਦਾਰ ਏਂ
ਹਿੰਦੂ-ਸਿੱਖ ਏਕੇ ਦਾ ਵੈਰੀ ਏਂ
ਅਮਨ ਸ਼ਾਂਤੀ ਤੇ ਕੋਝਾ ਵਾਰ ਏ"
ਇਹ ਕੋਈ ਨਵੀਂ ਗੱਲ ਨਹੀਂ
ਇੰਝ ਹੀ ਹੁੰਦਾ ਆਇਆ ਹੈ।
* * *

# ਗੰਗੂ ਦੀ ਰੂਹ

ਐ ਦਿੱਲੀ ਵਾਲਿਓ
ਇਹ ਮੇਰੇ ਲਫਜ ਨੇ
ਖੰਡ ਦੀਆਂ ਰਿਉੜੀਆਂ ਨਹੀਂ
ਜੋ ਚਬਾ ਜਾਉਗੇ
ਇਹ ਤਾਂ ਲੋਹੇ ਦੇ ਚਣੇ ਨੇ
ਦੰਦ ਤੋੜਨਗੇ
ਜਦ ਮੂੰਹ 'ਚ ਪਾਉਗੇ।
ਇਹ ਜਹਿਰ ਭਿੱਜੇ ਤੀਰ
ਜੇ ਛਾਤੀ ਚੀਰ ਨਾ ਜਾਵਣ
ਤਾਂ ਗੱਲ ਕਾਹਦੀ
ਤੇ ਦੁਸ਼ਮਣ ਦੀਆਂ ਸਫਾਂ ਅੰਦਰ
ਜਾਕੇ ਭੜਥੂ ਨਾ ਪਾਵਣ
ਤਾਂ ਗੱਲ ਕਾਹਦੀ
"ਇਹ ਗਾਂਧੀ
ਇਹ ਨਹਿਰੂ
ਜਾਂ ਨਹਿਰੂ ਦੀ ਧੀ"
ਸਿਲਸਿਲਾ ਖਤਮ ਨਹੀਂ ਹੁੰਦਾ
ਸਿਲਸਿਲਾ ਜਾਰੀ ਹੈ
ਤੇ ਹੁਣ
ਗੰਗੂ ਦੇ ਨਵੇ ਵਾਰਸਾਂ ਦੀ ਵਾਰੀ ਹੈ
ਗੱਲ ਚੇਹਰਿਆ ਦੀ ਨਹੀਂ
ਗੱਲ ਤਾਂ ਗੰਗੂ ਦੀ ਰੂਹ ਦੀ ਹੈ
ਜੋ ਇਹਨਾਂ ਅੰਦਰ ਵਸਦੀ ਹੈ
ਗੁਰੂ ਦੇ ਲਾਲਾਂ ਦਾ
ਸਰਹੰਦ ਜਾ ਕੇ ਭੇਤ ਦਸਦੀ ਹੈ
ਸਰਹੰਦ ਦੀਆਂ ਦੀਵਾਰਾਂ
ਤੇ ਪੁੰਡਰੀ ਦੀਆਂ ਸਮਾਧਾਂ ਵਿਚ
ਕੋਈ ਅੰਤਰ ਨਹੀਂ
ਗੁਰੂ ਦੇ ਲਾਲਾਂ ਤੇ
ਉਥੇ ਵੀ ਕਹਿਰ ਵੱਸਿਆ ਸੀ
ਇਥੇ ਵੀ ਕਹਿਰ ਵੱਸਿਆ ਹੈ
ਤੇ ਹੁਕਮ ਦਾ ਜਬਰ
ਉਥੇ ਵੀ ਹੱਸਿਆ ਸੀ
ਇਥੇ ਵੀ ਹੱਸਿਆ ਹੈ।
ਹੁਣ ਤਾਂ ਇੰਤਜਾਰ ਹੈ
ਇਕ ਹੋਰ ਬੰਦੇ ਦੀ
ਤੇ ਬਾਜ਼ ਸਿੰਘ ਦੀ
ਤੋ ਆਵੇ ਤੇ ਆਕੇ
ਅਜ ਦੇ ਖਾਨਾ ਦੇ ਸਿਰ ਲਾਹਵੇ
ਗੁਰੂ ਦੇ ਚਾਰ ਲਾਲਾਂ ਦਾ
ਜੋ ਚੜ੍ਹਿਆ ਕਰਜ਼ ਚੁਕਾਵੇ।
* * *

# ਜਲਾਵਤਨ ਯੋਧੇ ਦੀ ਸਿਲਵਰ ਜੁਬਲੀ


ਕਰਮਜੀਤ ਸਿੰਘ
ਸਾਬਕਾ ਐਡੀਟਰ, ਪੰਜਾਬੀ ਟ੍ਰਿਬਿਊਨ




ਇੱਕ ਇਨਕਲਾਬੀ ਯੋਧੇ ਦੀ ਜਲਾਵਤਨੀ ਦੀ ਸਿਵਲਰ ਜੁਬਲੀ ਮਨਾਏ ਜਾਣ ਦੀ ਖਬਰ ਇੱਕੋ ਸਮੇਂ ਉਦਾਸ ਵੀ ਕਰਦੀ ਹੈ ਅਤੇ ਕਿਸੇ ਅਨੋਖੀ ਖੁਸ਼ੀ ਦੇ ਹੰਝੂ ਵੀ ਲੈ ਕੇ ਆਈ ਹੈ। ਉਦਾਸ ਇਸ ਲਈ, ਕਿਉਂਕਿ ਜਵਾਨੀ ਦੀ ਸਿਖਰ ਦੁਪਹਿਰ ਜੇਲ੍ਹ ਦੀਆਂ ਕਾਲ ਕੋਠੜੀਆਂ ਵਿਚ ਬੀਤੀ ਅਤੇ ਰਿਹਾਈ ਤੋਂ ਬਾਅਦ ਵੀ ਇੱਕ ਹੋਰ ਕੈਦ ਭੁਗਤਣੀ ਪੈ ਰਹੀ ਹੈ, ਜਲਾਵਤਨੀ ਦੀ ਕੈਦ । ਖੁਸ਼ੀ ਦੇ ਹੰਝੂ ਇਸ ਲਈ ਆ ਗਏ ਹਨ, ਕਿਉਂਕਿ ਅਜ਼ਾਦੀ ਦਾ ਗੀਤ ਗਾਉਣ ਦੀ ਨਿਰਮਲ ਰੀਤ ਸਾਡਾ ਇਹ ਇਨਕਲਾਬੀ ਸ਼ਾਇਰ ਅਜੇ ਵੀ ਨਿਭਾਈ ਜਾ ਰਿਹਾ ਹੈ। ਕਿਸੇ ਮਹਿਬੂਬ ਕਵੀ ਨੇ ਸ਼ਾਇਦ ਇਹ ਸਤਰਾਂ ਉਸੇ ਲਈ ਲਿਖੀਆਂ ਹਨ:-

ਜਾ ਕੇ ਤੱਕ ਪ੍ਰਦੇਸੀਆ, ਉਨ੍ਹਾਂ ਵਣਾਂ ਦੇ ਪਾਰ ।
ਸੀਸ ਜਿਨ੍ਹਾਂ ਦੇ ਝੁਕੇ ਨਹੀਂ, ਦੇਖ ਪਰਾਏ ਬਾਰ ।

ਹਾਂ, ਇਹ ਸਾਡਾ ਗਜਿੰਦਰ ਅੱਜ ਤੋਂ 25 ਸਾਲ ਪਹਿਲਾਂ ਅਜ਼ਾਦ ਫਿਜ਼ਾ ਵਿੱਚ ਸਾਹ ਲੈਣ ਦੀ ਰੀਝ ਨੂੰ ਲੈ ਕੇ ਉਡਦਾ-ਉਡਦਾ ਜਦੋਂ ਗਵਾਂਢੀ ਮੁਲਕ ਦੀ ਸਰਜ਼ਮੀਨ 'ਤੇ ਉਤਰਿਆ ਤਾਂ ਉਸਨੂੰ ਇਸਦੇ ਬਦਲੇ ਜੀਵਨ ਦਾ ਡੇਢ ਦਹਾਕਾ ਜੇਲ੍ਹ ਦੀਆਂ ਉੱਚੀਆਂ ਦੀਵਾਰਾਂ ਵਿੱਚ ਦਿਨ-ਰਾਤ ਕੱਟਣ ਦਾ ਤੋਹਫਾ ਮਿਲਿਆ । 14 ਸਾਲ ਜੇਲ੍ਹ ਦੀਆਂ ਸੀਖਾਂ ਵਿੱਚ ਬੰਦ ਰਹਿਣ ਤੋਂ ਪਿੱਛੋਂ ਵੀ ਉਹ ਆਪਣੇ ਵਤਨ ਨਹੀਂ ਪਰਤ ਸਕਿਆ ।

ਭਾਈ ਗਜਿੰਦਰ ਸਿੰਘ ਤੁਰਦਾ-ਫਿਰਦਾ ਇਤਿਹਾਸ ਹੈ । ਉਹ ਇਕ ਸੁਚੇਤ ਸੰਘਰਸ਼ ਦਾ ਪ੍ਰਤੀਕ ਹੈ, ਜਿਸ ਸੰਘਰਸ਼ ਵਿੱਚ ਸਿੱਖ ਵਿਚਾਰਧਾਰਾ ਨੂੰ ਸਰਵੋਤਮ ਸਥਾਨ ਹਾਸਲ ਹੈ । ਉਸ ਨੇ ਸਿੱਖ ਵਿਚਾਰਧਾਰਾ ਦੇ ਮੁਹਾਜ਼ 'ਤੇ ਖਲੋ ਕੇ ਹੀ ਸੰਸਾਰ ਦੇ ਸਮਾਜਿਕ ਅਤੇ ਰਾਜਨੀਤਕ ਵਰਤਾਰਿਆਂ ਦੀ ਵਿਆਖਿਆ ਕੀਤੀ ਹੈ । ਜਿਹੜੀ ਕਵਿਤਾ ਵੀ ਉਸ ਨੇ ਰਚੀ ਉਹ ਵੀ ਇਸੇ ਨੁਕਤਾ-ਨਿਗਾਹ ਦੀ ਰਹਿਮਤ ਵਿਚੋਂ ਹੀ ਪੈਦਾ ਹੋਈ । ਸਿੱਖ ਤੇ ਸਿੱਖੀ ਦੇ ਨੁਕਤੇ ਤੋਂ ਉਹ ਇਕ ਪਲ ਲਈ ਵੀ ਲਾਂਭੇ ਨਹੀਂ ਹੋਇਆ ਅਤੇ ਨਾ ਹੀ ਇਸ ਦੀ ਮਹਾਨਤਾ ਅਤੇ ਮਹੱਤਤਾ ਤੋਂ ਕਦੇ ਉਸਦਾ ਸਿਦਕ ਡੋਲਿਆ ਹੈ ।

ਸਿੱਖ ਪੰਥ ਕੋਲ ਇਸ ਸਮੇਂ ਕਿੰਨੀਆਂ ਕੁ ਹਸਤੀਆਂ ਹਨ ਜਿਨ੍ਹਾਂ ਦੇ ਧੁਰ ਅੰਦਰ ਸਿੱਖ-ਦਰਦ ਦੇ ਗੂੜ੍ਹੇ ਰੰਗਾਂ ਦੇ ਦੀਦਾਰ ਵੀ ਹੋ ਸਕਣ ਅਤੇ ਜਿਨ੍ਹਾਂ ਦੇ ਅੰਦਰ ਉਸ ਪਹਿਲ-ਤਾਜ਼ਗੀ ਦੀਆਂ ਝਲਕਾਂ ਵੀ ਮਿਲਦੀਆਂ ਹਨ-ਹਾਂ, ਉਸ ਪਹਿਲ-ਤਾਜ਼ਗੀ ਦੀਆਂ ਝਲਕਾਂ ਜਿਨ੍ਹਾਂ ਨੂੰ ਕਦੇ ਦਸਮੇਸ਼ ਪਿਤਾ ਨੇ ਇਸ ਧਰਤੀ 'ਤੇ ਉਤਾਰਿਆ ਸੀ । ਬਹੁਤ ਥੋੜ੍ਹੀਆਂ ਹਸਤੀਆਂ ਹਨ। ਜਾਂ ਇਉਂ ਵੀ ਕਹਿ ਲਵੋ ਕਿ ਉਂਗਲਾਂ 'ਤੇ ਗਿਣੀਆਂ ਜਾਣ ਵਾਲੀਆਂ ਹਨ । ਭਾਈ ਗਜਿੰਦਰ

ਸਿੰਘ ਉਨ੍ਹਾਂ ਵਿਚੋਂ ਇਕ ਹੈ । ਉਹ ਲਮਕਵੇਂ ਸਿੱਖ ਸੰਘਰਸ਼ ਦੇ ਇਤਿਹਾਸਕ ਦਸਤਾਵੇਜ਼ ਦਾ ਵੀ ਇਕ ਕੀਮਤੀ ਹਿੱਸਾ ਹੈ ।

ਇਕ ਹੋਰ ਗੱਲ ਮੈਂ ਭਾਈ ਗਜਿੰਦਰ ਸਿੰਘ ਦੀਆਂ ਲਿਖਤਾਂ ਅਤੇ ਉਸ ਦੀ ਸ਼ਖਸ਼ੀਅਤ ਵਿਚੋਂ ਦੇਖੀ ਹੈ । ਉਹ ਇਹ ਕਿ ਉਹ ਇਤਿਹਾਸ ਵਿਚੋਂ ਵਿਚਰ ਕੇ ਵੀ ਇਤਿਹਾਸ ਦੇ ਅਮਰ ਸੋਮੇ ਨੂੰ ਭੁੱਲਦਾ ਨਹੀਂ, ਵਿਚਾਰਦਾ ਵੀ ਹੈ । ਭਲਾ ਕਿਹੜਾ ਹੈ ਇਹ ਸੋਮਾ ? ਇਹ ਸੋਮਾ ਹੈ ਗੁਰਬਾਣੀ ।ਗਜਿੰਦਰ ਸਿੰਘ ਗੁਰਬਾਣੀ ਅਤੇ ਸਿੱਖ ਇਤਿਹਾਸ ਦੇ ਸੁੱਚੇ ਦਰਦ ਦਾ ਸਰਸਬਜ਼ ਚਸ਼ਮਾ ਹੈ । ਸਿੱਖ ਇਤਿਹਾਸ ਦਾ ਉਹ ਅਨਮੋਲ ਹਿੱਸਾ ਜਿਹੜਾ ਵਿਸ਼ੇਸ਼ ਤੌਰ 'ਤੇ ਗੁਰਬਾਣੀ ਨਾਲ ਰੰਗਿਆ ਗਿਆ ਹੋਵੇ, ਉਹ ਉਸ ਨੂੰ ਜਾਨ ਨਾਲੋਂ ਵੀ ਵੱਧ ਪਿਆਰਾ ਹੈ । ਉਸ 'ਤੇ ਉਹ ਮਾਣ ਵੀ ਕਰਦਾ ਹੈ ਅਤੇ ਉਹ ਉਸ ਨੂੰ ਕਾਲੀਆਂ ਬੋਲੀਆਂ ਰਾਤਾਂ ਵਿਚ ਜਗਾ ਕੇ ਵੀ ਰੱਖਦਾ ਰਿਹਾ ਹੈ।

ਚੜ੍ਹਦੀ ਜਵਾਨੀ ਵਿੱਚ ਉਹ ਬਹੁਤ ਕਾਹਲਾ ਸੀ ਕਿ ਇਹ ਚੇਤਨਾ ਇਕ ਤੂਫਾਨ ਬਣ ਕੇ ਸਾਰੇ ਖ਼ਾਲਸੇ ਨੂੰ ਆਪਣੀ ਲਪੇਟ ਵਿਚ ਲੈ ਲਏ ਪਰ ਉਸਨੂੰ ਖ਼ਾਲਸੇ ਦੀ ਸਮੂਹਿਕ-ਚੇਤਨਾ ਉਤੇ ਚੜ੍ਹੇ ਮਾਇਆ ਦੇ ਲੇਪ ਅਤੇ ਖ਼ਾਲਸੇ ਦੀ ਲੀਡਰਸ਼ਿਪ ਦੀਆਂ 'ਬਿਪਰਨ ਕੀ ਰੀਤ' ਵੱਲ ਮੁੜੀਆਂ ਮੁਹਾਰਾਂ ਦੀ ਡੂੰਘੀ ਖ਼ਬਰਸਾਰ ਨਹੀਂ ਸੀ ਜਾਂ ਇਉਂ ਕਹਿ ਲਵੋ ਕਿ ਉਸ ਨੂੰ ਇਸ ਗੁੰਝਲਦਾਰ ਮਾਜਰੇ ਦਾ ਧੁੰਦਲਾ ਜਿਹਾ ਅਨੁਭਵ ਸੀ । ਪਰ ਉਸ ਉਦਾਸ ਦੌਰ ਵਿੱਚ ਵੀ ਉਹ ਇਤਿਹਾਸ ਦਾ ਚੜ੍ਹਦਾ ਤੇ ਢਲਦਾ ਸੂਰਜ ਉਸਦੀ ਯਾਦ ਵਿੱਚ ਉਸਲਵੱਟੇ ਲੈਂਦਾ ਰਹਿੰਦਾ ਹੈ । ਉਸਦੀ ਕਵਿਤਾ ਦੀ ਇਸ ਸਤਰ ਨੂੰ ਰਤਾ ਗਹੁ ਨਾਲ ਪੜ੍ਹੋ:-

ਜੰਗ ਹਿੰਦ ਪੰਜਾਬ ਦਾ ਮੁੜ ਹੋਸੀ,
ਸਾਥੋਂ ਖੁੱਸੀਆਂ ਭਾਵੇਂ ਸਰਦਾਰੀਆਂ ਨੇ ।
ਉਦੋਂ ਤਕ ਨਹੀਂ ਜੰਗ ਖਤਮ ਹੋਣੀ,
ਜਦ ਤੱਕ ਜਿੱਤਦੀਆਂ ਨਹੀਂ, ਜਿਹੜੀਆਂ ਹਾਰੀਆਂ ਨੇ ॥

ਸਿੱਖ ਇਤਿਹਾਸ ਦੀ ਓਪਰੀ ਜਿਹੀ ਸਮਝ ਰੱਖਣ ਵਾਲੇ ਨੂੰ ਵੀ ਇਹ ਸਤਰਾਂ ਧੁਰ ਹਿਰਦੇ ਤੱਕ ਕੰਬਣੀ ਛੇੜ ਦਿੰਦੀਆਂ ਹਨ ਕਿਉਂਕਿ ਇਕੋ ਸਮੇਂ ਇਹ ਸਤਰਾਂ ਉਦਾਸੀ, ਚੁਣੌਤੀ ਤੇ ਖੁਸ਼ੀ ਦੇ ਭਾਵਾਂ ਦਾ ਸੰਚਾਰ ਕਰ ਦਿੰਦੀਆਂ ਹਨ । ਇਹ ਸਤਰਾਂ ਸਿੱਖ-ਯਾਦ ਨੂੰ 150 ਸਾਲ ਪਹਿਲਾਂ ਅੰਗਰੇਜ਼ਾਂ ਅਤੇ ਸਿੱਖਾਂ ਵਿਚਕਾਰ ਗੁਜਰਾਤ ਦੀ ਆਖਰੀ ਜੰਗ ਚੇਤੇ ਕਰਵਾਉਂਦੀਆਂ ਹਨ, ਜਿਸ ਵਿੱਚ ਸਿੱਖ ਫੌਜਾਂ ਹਾਰ ਗਈਆਂ ਹਨ ਅਤੇ ਅੰਗਰੇਜ਼ ਪੰਜਾਬ 'ਤੇ ਕਾਬਜ਼ ਹੋ ਗਏ ਸਨ । ਕੀ ਇਹ ਸਤਰਾਂ ਪੜ੍ਹ ਕੇ ਇਉਂ ਨਹੀਂ ਲਗਦਾ ਜਿਵੇਂ ਕੁਝ ਪਲਾਂ ਲਈ ਸ਼ਾਹ ਮੁਹੰਮਦ ਦੀ ਰੂਹ ਦਾ ਦਰਦ ਗਜਿੰਦਰ ਸਿੰਘ ਵਿੱਚ ਪ੍ਰਵੇਸ਼ ਕਰ ਗਿਆ ਹੋਵੇ ? ਪਰ ਸਾਡੇ ਇਸ ਗਜਿੰਦਰ ਦੀ ਰੂਹ ਤਾਂ ਉਦੋਂ ਤੱਕ ਬੇਚੈਨ ਰਹੇਗੀ ਜਦੋਂ ਤੱਕ ਹਾਰ ਜਾਣ ਵਾਲੇ ਜਿੱਤ ਨਹੀਂ ਜਾਂਦੇ। ਬੱਸ, ਇਸ ਹਾਰ ਨੂੰ ਜਿੱਤ ਵਿੱਚ ਬਦਲਣ ਦੀ ਰੀਝ ਨੇ ਹੀ ਇਕ ਦਿਨ ਉਸ ਨੂੰ ਲੰਮੀਆਂ ਵਾਟਾਂ 'ਤੇ ਤੋਰ ਦਿੱਤਾ ...... ਤੇ ਉਹ ਤੁਰਿਆ ਜਾ ਰਿਹਾ ਹੈ । ਉਸਦਾ ਰੁਕਣਾ ਵੀ ਘੜੀ-ਪਲ ਸਾਹ ਲੈਣਾ ਹੀ ਹੈ ।

ਖ਼ਾਲਸਾ ਪੰਥ ਦੇ ਇਸ ਅਨਮੋਲ ਹੀਰੇ ਨੇ ਲੰਮੀ ਲੜਾਈ ਕੀਤੀ ਹੈ । ਉਸ ਨੇ ਕੋਟ ਲਖਪਤ ਰਾਏ ਦੀ ਜੇਲ੍ਹ ਵਿਚ 14 ਸਾਲ ਗੁਜ਼ਾਰੇ ਹਨ । ਇਹ ਸਮਾਂ ਥੋੜ੍ਹਾ ਨਹੀਂ ਹੁੰਦਾ । ਪਰ ਇਹ ਸਮਾਂ ਆਪਣੇ ਆਪ ਵਿਚ ਮਹਾਨ ਵੀ ਹੁੰਦਾ ਹੈ ।

ਜਦੋਂ ਉਹ ਬੇਗਾਨੀ ਧਰਤੀ 'ਤੇ ਉਤਰਿਆ ਸੀ, ਉਸ ਦੀ ਇਕੋ ਇਕ ਲਾਡਲੀ ਧੀ ਮਸ੍ਹਾਂ 6 ਕੁ ਮਹੀਨੇ ਦੀ ਸੀ । ਹੁਣ ਉਹ ਬਹੁਤ ਵੱਡੀ ਹੋ ਗਈ ਹੈ । ਟੈਗੋਰ ਦੇ 'ਕਾਬਲੀਵਾਲੇ' ਦੀ ਧੀ

# ਤਲਵਾਰ ਤੇ ਮਹਿਬੂਬ

ਮਿੱਤਰ ਕਹਿੰਦੇ
ਕੋਈ ਇਸ਼ਕ ਦੀ ਗੱਲ ਸੁਣਾ
ਇਹ ਕਿਹੀ, ਰਸ-ਹੀਣ ਜਿਹੀ
ਜ਼ਿੰਦਗੀ ਬਣਾ ਲਈ ਹੈ
ਵਕਤ ਸੀ ਮਹਿਬੂਬ ਦੇ
ਪੱਲੂ ਨਾਲ ਖੇਡਣ ਦਾ
ਇਹ ਕਿਹੀ ਸੋਚ ਸੋਚੀ ਏ
ਕਿਉ ਤਲਵਾਰ ਉਠਾ ਲਈ ਹੈ'
ਮੈਂ ਮਹਿਬੂਬ ਦੇ ਆਗੋਸ਼
ਤੇ ਤਲਵਾਰ ਦੀ ਧਾਰ
ਦੋਹਾਂ ਦਾ ਮਜ਼ਾ ਚੱਖਿਆ ਹੈ
ਧਾਰ 'ਚੋ ਭਾਲ ਕੇ ਜ਼ਿੰਦਗੀ
ਏਸ ਤੇ ਹੱਥ ਰਖਿਆ ਹੈ।

ਹੁਣ ਮਹਿਬੂਬ ਦੀ
ਗਲਵੱਕੜੀ ਦਾ ਨਿੱਘ
ਯਾਰਾਂ ਦੀਆਂ ਮਹਿਫਲਾਂ
ਤੇ ਖਿਆਲਾਂ ਦੀ ਸਾਂਝ 'ਚੋਂ ਲੈਂਦਾ ਹਾਂ
ਬੜਾ ਸੰਤੁਸ਼ਟ ਰਹਿੰਦਾ ਹਾਂ'
ਮੈਂ ਇੰਜ ਮਿਤੱਰ ਨੂੰ ਕਹਿੰਦਾ ਹਾਂ।

ਅਸਾਂ ਜੇ ਅਜ
ਆਪਾ ਹੁਸਨ ਦੇ ਸਾਗਰ ਡੁਬੋ ਦਿਤਾ
ਤਾਂ ਸਾਥੋ ਬਾਅਦ ਤਾਰੀ ਲਾਣ ਨੂੰ
ਕੋਈ ਨਹੀਂ ਰਹਿਣਾ
ਤੇ ਸ਼ਾਇਦ, ਫਿਰ ਕਿਸੇ
ਤਲਵਾਰ ਦਾ
ਨਾਂ ਵੀ ਨਹੀਂ ਲੈਣਾ
ਮੈਂ ਅਜ ਇਹ ਰਾਹ ਤੇ ਤੁਰਿਆ ਹਾਂ
ਤਾਂ ਮਨ ਵਿਚ ਦੋ ਹੀ ਗੱਲਾਂ ਨੇ
ਇਕ ਜੂਝੇ ਵੀਰਾਂ ਦੀ ਰੂਹ ਹੈ
ਇਕ ਵਧਦੇ ਨੇਰ੍ਹੇ ਦਾ ਸਾਇਆ
ਮੇਰੇ ਮਿੱਤਰਾ
ਇਸੇ ਕਾਰਨ
ਮੈਂ ਹੱਥ ਤਲਵਾਰ ਨੂੰ ਪਾਇਆ।
* * *

## ਦਿੱਲੀ ਤੇ ਦਿੱਲੀ ਦਾ ਲਾਲ ਕਿਲਾ

ਮੈਂ ਦਿੱਲੀ ਦੇ ਲਾਲ ਕਿਲੇ
ਸਾਹਮਣਿਉ ਲੰਘ ਰਿਹਾ ਹਾਂ
ਪਰ ਅਜ ਇਸ ਨੇ
ਸੀਸ ਨਹੀਂ ਝੁਕਾਇਆ
ਸ਼ਾਇਦ ਇਸ ਨੂੰ
ਆਦਾਬ ਭੁਲ ਗਏ ਨੇ
ਮੈਂ ਵੀ ਤਾਂ
ਬਘੇਲ ਸਿੰਘ ਨਹੀਂ ਰਿਹਾ
ਦਿੱਲੀ ਤੇ ਦਿੱਲੀ ਦਾ ਲਾਲ ਕਿਲਾ

ਇਹਨਾਂ ਦਾ ਕੀ ਹੈ
ਇਹ ਤਾਂ ਸਦਾ ਹੀ
ਤਲਵਾਰਾਂ ਨੂੰ ਨਮਸਕਾਰ ਕਰਦੇ ਨੇ
ਤੇ ਤਲਵਾਰਾਂ ਵਾਲਿਆਂ ਦਾ
ਪਾਣੀ ਭਰਦੇ ਨੇ

ਮੈਂ ਜਦ ਤਲਵਾਰ ਉਠਾਵਾਂਗਾ
ਇਹਦੇ ਜੌਹਰ ਵਿਖਾਵਾਂਗਾ
ਬਘੇਲ ਸਿੰਘ ਬਣਕੇ ਆਵਾਂਗਾ
ਉਦੋਂ ਇਹ ਸਿਰ ਝੁਕਾਉਣਗੇ
ਉਦੋਂ ਨਜ਼ਰਾਂ ਵਿਛਾਉਣਗੇ।

* * *

## ਕਰਜ਼ਾ

(ਹਮਲੇ ਤੋਂ ਬਾਅਦ ਇੰਦਰਾ ਗਾਂਧੀ
ਦੇ ਸ੍ਰੀ ਦਰਬਾਰ ਸਾਹਿਬ ਦੌਰੇ ਤੇ ਉਸ ਦੇ ਨਾਂ)

ਤੂੰ ਹੁਣ ਇਕ ਜੇਤੂ ਦੀ ਤਰ੍ਹਾਂ ਆਈ ਹੈ
ਹਮਦਰਦੀ ਦਾ ਬਹਿਰੂਪ ਧਾਰ ਕੇ।
ਗੱਲ ਕਰਾਂਗੇ 'ਮੈਦਾਨ-ਏ-ਜੰਗ' ਵਿਚ ਹੀ
ਪਰ ਕਰਾਂਗੇ ਤੇਰਾ ਕਰਜ਼ਾ ਉਤਾਰ ਕੇ।
ਸਿਰ ਝੁਕਾ ਕੇ ਕੁਝ ਵੀ ਲੈਣਾ
ਫਿਤਰਤ ਸਾਡੀ ਦਾ ਅੰਗ ਨਹੀਂ ਹੈ।
ਲਾਲ ਜਿਸ ਨਾਲ ਅੰਮ੍ਰਿਤ ਦਾ ਸਰ ਹੈ
ਲਹੂ ਹੈ ਹੋਲੀ ਦਾ ਰੰਗ ਨਹੀਂ ਹੈ।
ਤੂੰ ਸਾਡੇ ਜ਼ਖਮਾਂ ਦੀ ਕਰ ਨਾ ਚਿੰਤਾ
ਹਰੇ ਭਰੇ ਰਖਾਗੇ ਪੀੜਾ ਜਰਾਂਗੇ
ਵੀਰਾਂ ਦੇ ਲਹੂ ਦੀ ਮੋੜਾਂਗੇ ਭਾਜੀ
ਫੇਰ ਮਰਹਮ ਦੀ ਗੱਲ ਕਰਾਂਗੇ।

* * *

ਤੋਂ ਵੀ ਵੱਡੀ । ਦੋ ਮਹੀਨੇ ਪਹਿਲਾਂ ਉਹ ਵਿਆਹੀ ਵੀ ਗਈ, ਪਰ ਉਸ ਦੇ ਸਿਰ ਨੂੰ ਬਾਬਲ ਦਾ ਪਿਆਰ ਅਜੇ ਤੱਕ ਵੀ ਨਹੀਂ ਮਿਲਿਆ । ਉਸਦੀ ਪਿਆਰੀ ਮਾਂ, ਜਿਸ ਨੇ ਉਸ ਨੂੰ ਛੋਟੇ ਹੁੰਦਿਆਂ ਗੋਦ ਵਿੱਚ ਲੈ ਕੇ ਗੁਰਬਾਣੀ ਤੇ ਸਿੱਖ ਇਤਿਹਾਸ ਦੀਆ ਲੋਰੀਆਂ ਦੇ-ਦੇ ਕੇ ਜਵਾਨ ਕੀਤਾ ਸੀ, ਉਹ ਮਾਂ ਵੀ ਉਸ ਦੀ ਰਿਹਾਈ ਹੋਣ ਦੀ ਉਡੀਕ ਕਰਦੀ-ਕਰਦੀ ਤੁਰ ਗਈ । ਮਾਂ ਦੇ ਤੁਰ ਜਾਣ ਦੀ ਖਬਰ ਨੂੰ ਸੁਣ ਕੇ ਗਜਿੰਦਰ ਨੇ ਜੇਲ੍ਹ ਵਿੱਚ ਹੀ ਇੱਕ ਲੇਖ ਵੀ ਲਿਖਿਆ 'ਮਾਵਾਂ ਠੰਡੀਆਂ ਛਾਵਾਂ' । ਸੰਨ 1991 ਦੇ ਸਤੰਬਰ ਵਾਲੇ ਮਹੀਨੇ ਵਿੱਚ ਲਿਖਿਆ ਉਸ ਦਾ ਲੇਖ 'ਚੜ੍ਹਦੀ ਕਲਾ ਵਾਲੇ ਹੰਝੂ' ਵੀ ਨਾਲ ਹੀ ਲੈ ਕੇ ਆਉਂਦਾ ਹੈ । ਜਾਗਦੀ ਜ਼ਮੀਰ ਸਿੱਖ ਲੀਡਰਸ਼ਿਪ ਨੂੰ ਵੀ ਅਤੇ ਘੇਸਲ ਮਾਰ ਕੇ ਸੁੱਤੀ ਲੀਡਰਸ਼ਿਪ ਨੂੰ ਵੀ ਅਤੇ ਸਾਡੀ ਬੇਪ੍ਰਵਾਹ ਕੌਮ ਨੂੰ ਵੀ ਇਹ ਲੇਖ ਪੜ੍ਹਨ ਦੀ ਵਿਹਲ ਕੱਢਣੀ ਚਾਹੀਦੀ ਹੈ । ਉਸ ਕੌਮ ਦੇ ਲੋਕਾਂ ਨੂੰ ਵੀ ਇਹ ਲੇਖ ਪੜ੍ਹਨਾ ਚਾਹੀਦਾ ਹੈ, ਜਿਨ੍ਹਾਂ ਦੇ ਰਹਿਬਰ ਆਪਣੇ 'ਤੇ ਆਈ ਇੱਕ ਔਖੀ ਘੜੀ ਸਮੇਂ ਸਿੱਖ ਕੌਮ ਨੂੰ ਅਜ਼ਾਦੀ ਦਾ ਨਿੱਘ ਮਾਨਣ ਲਈ ਕੋਈ ਵੱਖਰਾ ਖਿੱਤਾ ਦੇਣ ਦਾ ਇਕਰਾਰ ਕਰਦੇ ਰਹੇ ਸਨ । 'ਮਾਵਾਂ ਠੰਡੀਆਂ ਛਾਵਾਂ' ਲੇਖ ਗਜਿੰਦਰ ਸਿੰਘ ਦੀ ਨਿੱਕੀ ਜਿਹੀ ਸਵੈ-ਜੀਵਨੀ ਵੀ ਹੈ, ਜਿਸ ਬਾਰੇ ਮੈਂ ਯਕੀਨ ਨਾਲ ਕਹਿ ਸਕਦਾ ਹਾਂ ਕਿ ਆਉਣ ਵਾਲੇ ਕੱਲ੍ਹ ਨੂੰ ਇਹ ਲੇਖ ਸਕੂਲਾਂ ਦੀਆਂ ਪਾਠ ਪੁਤਸਕਾਂ ਵਿਚ ਸ਼ਾਮਲ ਹੋਵੇਗਾ ।



ਜੇਲ੍ਹ ਦੀ ਮੁਲਾਕਾਤ: ਗਜਿੰਦਰ ਸਿੰਘ ਆਪਣੀ ਪਤਨੀ ਅਤੇ ਬੇਟੀ ਨਾਲ

ਇਹ ਵੀ ਇਤਿਹਾਸ ਦਾ ਇੱਕ ਅਜਬ ਵਿਅੰਗ ਹੈ ਕਿ ਗਜਿੰਦਰ ਦੀ ਜੀਵਨ ਸਾਥਣ ਵੀ ਉਨ੍ਹਾਂ ਦੇ ਨਾਲ ਨਹੀਂ । ਗਜਿੰਦਰ ਕਿਤੇ ਹੋਰ ਹੈ, ਜੀਵਨ ਸਾਥਣ ਜਰਮਨੀ ਵਿਚ ਹੈ ਅਤੇ ਧੀ ਇੰਗਲੈਂਡ ਵਿੱਚ ਹੈ । ਤਿੰਨੇ ਹੀ ਇੱਕ-ਦੂਜੇ ਨੂੰ ਨਹੀਂ ਮਿਲ ਸਕਦੇ, ਜਿਵੇਂ ਸਾਰੇ ਹੀ ਕਿਸੇ ਕਵੀ ਦੀਆਂ ਇਹ ਸਤਰਾਂ ਦੁਹਰਾ ਰਹੇ ਹੋਣ, "ਦੀਵਿਆਂ ਵਾਂਗ ਅਸੀਂ ਚੰਗੇ ਬਲੇ, ਪੈ ਗਏ ਗਾੜ੍ਹੇ ਹਨੇਰੇ ਚੀਰਨੇ।"

ਕੋਈ ਵੀ ਬਾਬਲ ਜਦੋਂ ਆਪਣੀ ਧੀ ਦੇ ਵਿਆਹ ਵਿੱਚ ਸ਼ਾਮਲ ਨਹੀਂ ਹੋ ਸਕਦਾ, ਸਿਰਫ ਇਸ ਲਈ ਕਿਉਂਕਿ ਹਰ ਮੁਲਕ ਦੀ ਸਰਕਾਰ ਨੇ ਰਾਹ ਵਿੱਚ ਦੀਵਾਰਾਂ ਖੜ੍ਹੀਆਂ ਕੀਤੀਆਂ ਹਨ ਤਾਂ ਉਸ ਹਾਲਤ ਵਿੱਚ ਬਾਬਲ ਦੇ ਅੰਤਰੀਵ ਜਜ਼ਬਿਆਂ ਦੀ ਪੀੜ ਨੂੰ ਕੋਈ ਬਾਬਲ ਹੀ ਸਮਝ ਸਕਦਾ ਹੈ । ਸਾਡੇ ਇਸ ਜਾਗਦੇ ਬਾਬਲ ਨੇ ਵੀ ਆਪਣੀ ਬੇਟੀ ਨੂੰ ਸ਼ਾਦੀ ਸਮੇਂ ਇਸ ਸੁਨੇਹੇ ਨਾਲ ਯਾਦ ਕੀਤਾ : "ਅੱਜ ਦਾ ਦਿਨ ਮੇਰੇ ਲਈ ਬਹੁਤ ਮਹੱਤਵਪੂਰਨ ਹੈ। ਅੱਜ ਦਾ ਦਿਨ ਮੇਰੇ ਲਈ ਜਜ਼ਬਿਆਂ ਤੇ ਅੱਥਰੂਆਂ ਨਾਲ ਭਰਿਆ ਦਿਨ ਹੈ"।

ਵਿਆਹ ਮੌਕੇ ਆਸ਼ੀਰਵਾਦ ਦੇਣ ਪਹੁੰਚੇ ਪੰਥਕ ਆਗਆੂਂ ਨੇ ਗਜਿੰਦਰ ਸਿੰਘ ਦੀ ਧੀ ਨੂੰ 'ਪੰਥ ਦੀ ਧੀ' ਹੋਣ ਦੇ ਮਾਣ ਨਾਲ ਨਿਵਾਜਿਆ ਜੋ ਉਸ ਲਈ ਇੱਕ ਰੂਹਾਨੀ ਤਸੱਲੀ ਦੇ ਬਰਾਬਰ ਹੈ। ਪੰਥਕ ਆਗੂਆਂ ਦਾ ਪੜ੍ਹਿਆ ਗਿਆ ਸੰਦੇਸ਼ ਇਸ ਤਰ੍ਹਾਂ ਸੀ, "ਆਪਣੇ ਪਿਓ ਦੀ ਧੀ ਹੋਣ ਦਾ ਮਾਣ ਤਾਂ ਹਰ ਲੜਕੀ ਨੂੰ ਪ੍ਰਾਪਤ ਹੁੰਦਾ ਹੈ, ਪਰ ਪੰਥ ਦੀ ਧੀ ਹੋਣ ਦਾ ਮਾਣ ਅੱਜ ਕੌਮ ਤੇਰੀ ਝੋਲੀ ਵਿੱਚ ਪਾਉਂਦੀ ਹੈ ।"

ਕੋਈ ਵੀ ਪੁੱਛ ਸਕਦਾ ਹੈ ਕਿ ਗਜਿੰਦਰ ਸਿੰਘ ਅੱਜ-ਕੱਲ੍ਹ ਕੀ ਕਰਦਾ ਹੈ ? ਕੀ ਉਹ ਸੰਘਰਸ਼ ਕਰਦਾ-ਕਰਦਾ ਥੱਕ ਗਿਆ ਹੈ ਅਤੇ ਕੁਝ ਚਿਰ ਲਈ ਸਾਹ ਲੈਣਾ ਚਾਹੁੰਦਾ ਹੈ ? ਅੱਜ ਜਦੋਂ ਸਿੱਖ ਕੌਮ 'ਤੇ ਡੂੰਘੇ ਹਨੇਰਿਆਂ ਦੀ ਬਾਰਿਸ਼ ਹੋ ਰਹੀ ਹੈ ਅਤੇ ਉਸ ਨੇ ਲੱਗਭਗ ਬਾਣੀਆ-ਸਭਿਆਚਾਰ ਨਾਲ ਗੂੜ੍ਹੀਆਂ ਦੋਸਤੀਆਂ ਪਾ ਹੀ ਲਈਆਂ ਹਨ ਤਾਂ ਕੀ ਅੱਧੀ ਸਦੀ

ਤੋਂ ਉੱਪਰ ਹੰਢਾ ਚੁੱਕਿਆ ਸਾਡਾ ਇਹ ਸਿਦਕੀ ਸਿੰਘ ਸਰਦਾਰ ਗਜਿੰਦਰ ਕਿਸ ਤਰ੍ਹਾਂ ਦੀ ਉਜਾੜ ਲੱਭਦਾ ਫਿਰਦਾ ਹੈ ? ਇੱਕੋ-ਇੱਕ ਜਵਾਬ ਇਹ ਹੈ ਕਿ ਗਜਿੰਦਰ ਸਿੰਘ ਤੋੜ ਤੱਕ ਜਗਦਾ-ਮਘਦਾ ਰਹੇਗਾ, ਇਹ ਗੱਲ ਵੱਖਰੀ ਹੈ ਕਿ ਜਗਾਉਣ ਦਾ ਕੰਮ ਉਸ ਨੇ ਕੁਝ ਚਿਰ ਲਈ ਮੁਲਤਵੀ ਕਰ ਦਿੱਤਾ ਹੋਵੇ । ਵੈਸੇ ਉਹ ਜਾਗਣ ਤੇ ਜਗਾਉਣ ਦਾ ਇਕਰਾਰ ਕਬਰਾਂ ਦੇ ਜਾਣ ਤੱਕ ਨਿਭਾਏਗਾ । ਉਹ ਟੁੱਟ ਕੇ ਵੀ ਟੁੱਟਿਆ ਨਹੀਂ ਹੈ, ਪਰ ਕੁਝ ਚਿਰ ਲਈ ਉਸ ਨੇ ਆਪਣੇ ਦੁਆਲੇ ਚੁੱਪ ਦੀ ਚਾਦਰ ਜ਼ਰੂਰ ਤਾਣ ਲਈ ਹੈ । ਉਹ ਅਜੇ ਵੀ ਉਦਾਸ ਮੂੰਹ ਤੱਕ ਕੇ ਉਦਾਸ ਹੁੰਦਾ ਹੈ । ਹਾਂ, ਉਸ ਨੇ ਲਿਖਣਾ-ਪੜ੍ਹਣਾ ਅਜੇ ਛੱਡਿਆ ਹੋਇਆ ਹੈ, ਪਰ ਇਹ ਗੱਲ ਨਹੀਂ ਕਿ ਉਹ ਕਦੇ ਵੀ ਲਿਖੇਗਾ ਨਹੀਂ । ਆਖਰਕਾਰ ਉਹ ਆਪਣੀ ਪਾਰਟੀ ਦਲ ਖ਼ਾਲਸਾ ਦਾ ਬਾਨੀ ਹੈ - ਜਨਮਦਾਤਾ ਹੈ । ਇੱਕ ਅਜਿਹੀ ਪਾਰਟੀ ਨੂੰ ਉਸ ਨੇ ਸੁਰਜੀਤ ਕੀਤਾ ਹੈ, ਜਿਸ ਦੀਆਂ ਅਮਰ ਜੜ੍ਹਾਂ ਇਤਿਹਾਸ ਵਿੱਚ ਲੱਗੀਆਂ ਹੋਈਆਂ ਹਨ । ਉਹ ਇਨ੍ਹਾਂ ਯਾਦਾਂ ਤੋਂ ਪੂਰੀ ਤਰ੍ਹਾਂ ਅਲੱਗ ਹੋ ਹੀ ਨਹੀਂ ਸਕਦਾ । ਉਸ ਦੀ ਗੈਰ-ਹਾਜ਼ਰੀ ਵੀ ਪਾਰਟੀ ਨੂੰ ਹਾਜ਼ਰੀ ਵਰਗੀ ਲੱਗਦੀ ਹੈ, ਕਿਉਂਕਿ ਉਸ ਦੀ ਸਿਧਾਂਤਕ ਰਹਿਨੁਮਾਈ ਦਲ ਖ਼ਾਲਸਾ ਦੇ ਸਿੰਘਾਂ ਨਾਲ ਅੰਗ-ਸੰਗ ਰਹਿੰਦੀ ਹੈ । ਭਾਵੇਂ ਮੰਜ਼ਲ ਅਜੇ ਦੂਰ ਹੈ, ਪਰ ਉਹ ਫਿਰ ਵੀ ਜਿਵੇਂ ਇਹੋ ਆਖ ਰਿਹਾ ਹੋਵੇ :

> ਮੰਜ਼ਿਲ ਮਿਲੇ, ਮਿਲੇ, ਨਾ ਮਿਲੇ, ਮੁਝੇ ਇਸ ਕਾ ਗਮ ਨਹੀਂ ।
> ਮੰਜ਼ਿਲ ਕੀ ਜੁਸਤਜੂ ਮੇਂ, ਮੇਰੇ ਕਾਰਵਾਂ ਤੋਂ ਹੈ ।

ਭਾਈ ਗਜਿੰਦਰ ਸਿੰਘ ਦਾ ਸੰਘਰਸ਼ ਲੰਮਾ ਹੈ, ਔਖਾ ਵੀ ਹੈ, ਗੁੰਝਲਦਾਰ ਵੀ ਹੈ । ਇਹ ਸਿੱਧ-ਪੱਧਰਾ ਵੀ ਨਹੀਂ ਸਗੋਂ ਡਾਂਡੇ-ਮੀਂਡੇ ਰਾਹਾਂ ਵਾਲਾ, ਵਿੰਗ-ਵਲ੍ਹੇਵੇਂ ਖਾਂਦਾ ਰਾਹ ਹੈ । ਪਰ ਫਿਰ ਵੀ ਕੀ ਹੋਇਆ ? ਹੋਰਨਾਂ ਲੋਕਾਂ ਦੇ ਸੰਘਰਸ਼ ਵੀ ਤਾਂ ਇਉਂ ਹੀ ਲਮਕੇ ਹਨ। ਕੀ ਨੈਲਸਨ ਮੰਡੇਲਾ ਤਿੰਨ ਦਹਾਕੇ ਜੇਲ੍ਹਾਂ ਵਿੱਚ ਨਹੀਂ ਰੁਲਿਆ? ਕੀ ਖੋਮੀਨੀ ਜਲਾਵਤਨੀ ਦੌਰਾਨ ਵੀ ਪੈਰਿਸ ਤੋਂ ਕੈਸਟਾਂ ਰਾਹੀਂ ਆਪਣੀ ਕੌਮ ਦੇ ਨਾਂ ਸੰਦੇਸ਼ ਨਹੀਂ ਸੀ ਘੱਲਦਾ ਰਿਹਾ ? ਕੀ ਲੈਨਿਨ ਜਲਾਵਤਨੀ ਦੌਰਾਨ ਵੀ ਆਪਣੀ ਪਾਰਟੀ ਦੇ ਲੋਕਾਂ ਨਾਲ ਨਹੀਂ ਸੀ ਜੁੜਿਆ ਰਿਹਾ ? ਕੀ ਬਰਮਾ ਦੀ ਸੂਕੀ ਲੰਮੀ ਨਜ਼ਰਬੰਦੀ ਦੌਰਾਨ ਵੀ ਜੱਦੋਜਹਿਦ ਜਾਰੀ ਨਹੀਂ ਰੱਖ ਰਹੀ ? ਕੀ ਖ਼ਾਲਸੇ ਦੀ ਸਿਰਜਨਾ ਲਈ ਵੀ 250 ਸਾਲ ਨਹੀਂ ਸੀ ਲੱਗ ਗਏ ? ਇਥੇ ਰੂਸ ਵਿੱਚ 19ਵੀਂ ਸਦੀ ਦੇ ਪਹਿਲੇ ਅੱਧ ਵਿੱਚ ਜਬਰ ਦੇ ਖਿਲਾਫ ਜੂਝਣ ਤੇ ਕੁਰਬਾਨ ਹੋਣ ਵਾਲੇ ਮਰਜੀਵੜਿਆਂ ਦਾ ਜ਼ਿਕਰ ਕਰਨਾ ਬਣਦਾ ਹੈ ਜਿਨ੍ਹਾਂ ਨੂੰ ਸਾਇਬੇਰੀਆ ਦੇ ਅਤਿ ਠੰਡੇ ਯੱਖ ਇਲਾਕੇ ਵਿੱਚ ਜਲਾਵਤਨ ਕਰ ਦਿੱਤਾ ਗਿਆ ਸੀ । ਰੂਸੀ ਲੋਕਾਂ ਦੇ ਮਹਿਬੂਬ ਸ਼ਾਇਰ ਅਲੈਕਸਾਂਦਰ ਪੂਸ਼ਕਿਨ (1799-1837) ਨੇ ਆਪਣੇ ਜਲਾਵਤਨ ਭਰਾਵਾਂ ਨੂੰ ਇਕ ਕਵਿਤਾ ਲਿਖ ਕੇ ਭੇਜੀ ਜਿਸ ਦੀਆਂ ਕੁਝ ਸਤਰਾਂ ਇਉਂ ਹਨ:

> ਟੁਟ ਜਾਣਾ ਭਾਰੀ ਜੰਜ਼ੀਰਾਂ, ਹੱਥਕੜੀਆਂ ਨੇ ਲਹਿ ਜਾਣਾ ।
> ਡਿਗ ਪੈਣਾ ਜੇਲ੍ਹਾਂ ਦੀਆਂ ਕੰਧਾਂ, ਕਾਲ ਕੋਠੀਆਂ ਢਹਿ ਜਾਣਾ ।
> ਕਰਨੀ ਹੈ ਤਲਵਾਰ ਤੁਹਾਨੂੰ ਭੇਟਾ ਫੇਰ ਭਰਾਵਾਂ ਨੇ,
> ਅਤੇ ਬਰੂਹਾਂ ਵਿਚ ਤੁਹਾਡਾ ਕਰਨ ਸੁਆਗਤ ਬਹਿ ਜਾਣਾ ।

ਭਾਈ ਗਜਿੰਦਰ ਸਿੰਘ ਜਿਥੇ ਵੀ ਹੋਏ, ਉਥੇ ਹੀ ਖ਼ਾਲਸਾ ਪੰਥ ਦਾ ਅਵਚੇਤਨ ਤੇ ਨਿਰਮਲ ਹਿੱਸਾ ਉਸਦਾ ਸਦਾ ਹਮਸਫਰ ਰਹੇਗਾ, ਭਾਵੇਂ ਇਹ ਗੱਲ ਵਖਰੀ ਹੈ ਕਿ ਖ਼ਾਲਸਾ ਪੰਥ ਦਾ ਸੁਚੇਤ ਹਿੱਸਾ ਅਜੇ ਡੂੰਘੀਆਂ ਨੀਂਦਰਾਂ ਵਿਚ ਗਵਾਚ ਗਿਆ ਹੈ ।

## ਪੰਜ ਤੀਰ ਹੋਰ

ਜਦੋਂ ਬੰਦੇ ਨੂੰ ਆਪਣੀ ਤਰਕਸ਼ 'ਚੋਂ
ਪੰਜ ਤੀਰ ਤੂੰ ਦਿਤੇ,
ਤਾਂ ਸੁਣਿਐ ਜ਼ਾਲਮਾਂ ਤੋਂ ਯੁਧ
ਬੰਦੇ ਨੇ ਬਹੁਤ ਜਿਤੇ।
ਤੇਰੇ ਤਰਕਸ਼ ਦੇ ਪੰਜ ਤੀਰਾਂ ਨੇ
ਉਤਲੀ ਹੇਠ ਕੀਤੀ ਸੀ
ਤੇਰੇ ਹਰ ਤੀਰ ਨੇ ਤੋਪਾਂ ਦੀ
ਸੁਣਿਐ ਗਰਜ ਸੀਤੀ ਸੀ।
ਅਸੀਂ ਪੰਜ ਤੀਰ ਤਰਕਸ਼ ਚੋਂ ਤੇਰੀ
ਮੁੜ ਮੰਗਣ ਆਏ ਹਾਂ,
ਤੇਰੇ ਸਿਖ ਹਾਂ, ਹਾਂ ਤੇਰਾ ਰੂਪ
ਬਿਨ ਸੰਗਣ ਹੀ ਆਏ ਹਾਂ ।
ਤੇਰੀ ਅਜ ਕੌਮ ਦੇ ਸਿਰ ਤੇ ਨਹੀਂ
ਪੈਰਾਂ 'ਚ ਹੈ ਆਰੀ,
ਇਸੇ ਲਈ ਕੌਮ ਤੇਰੀ ਤੇ ਬਣੀ
ਅਜ ਭੀੜ ਹੈ ਭਾਰੀ
ਬਾਪੂ ਅਜ ਲੜਨ ਦਾ ਨਿਸ਼ਚਾ
ਤੇਰੇ ਬੰਦਿਆਂ ਨੇ ਮੁੜ ਕੀਤੈ
ਤੇਰੇ ਤੀਰਾਂ ਨੂੰ ਤੈਥੋਂ ਮੰਗਣ ਦਾ
ਤਾਂ ਹੀ ਹੌਂਸਲਾ ਕੀਤੈ।
ਤੇਰੇ ਤਰਕਸ਼ ਦੇ ਤੀਰਾਂ ਨਾਲ
ਨਿਸ਼ਾਨੇ ਵਿੰਨ ਵਿੰਨ ਮਾਰਾਂਗੇ,
ਤੇ ਗਿਣ ਗਿਣ ਕੇ ਸਿਰਾਂ ਨੂੰ
ਸਿਰਾਂ ਦੇ ਅਸੀਂ ਮੁਲ ਉਤਾਰਾਂਗੇ।
ਤੇਰੇ ਤੀਰਾਂ ਨਾਲ ਚਲਦੀ ਹਵਾ ਦਾ
ਅਸੀਂ ਰੁਖ ਮੋੜਾਂਗੇ,
ਜਿਨ੍ਹਾਂ ਸੰਗਲਾਂ 'ਚ ਜਕੜਿਐ ਕੌਮ ਨੂੰ
ਉਹ ਸੰਗਲ ਤੋੜਾਂਗੇ।
ਤੇਰੇ ਝੰਡੇ ਦੀ ਥਾਵੇਂ
ਝੂਲਦੇ ਪਏ ਝੰਡੇ ਅਜ ਜਿਹੜੇ
ਇਨ੍ਹਾਂ ਝੰਡਿਆਂ ਨੂੰ ਲਾਹਵਾਂਗੇ
ਸਮੰਦਰਾਂ ਵਿਚ ਰੋੜ੍ਹਾਂਗੇ।
ਤੇਰੇ ਹੁਕਮਾਂ ਦਾ ਇਥੇ ਫਿਰ
ਵੇਖੀਂ ਰਾਜ ਹੋਵੇਗਾ,
ਤੇ ਤੇਰੀ ਲਹੂ 'ਚ ਲਿਬੜੀ
ਕੌਮ ਦੇ ਸਿਰ ਤਾਜ ਹੋਵੇਗਾ।
* * *

# ਸਦਮਿਆਂ ਭਰੀ ਵਿਰਾਸਤ

**ਗਜਿੰਦਰ ਸਿੰਘ**

ਅਗਸਤ ਮਹੀਨੇ, ਪਾਕਿਸਤਾਨ ਤੇ ਹਿੰਦੁਸਤਾਨ, ਦੋਹਾਂ ਨੇ ਆਪੋ-ਆਪਣੀ ਅਜ਼ਾਦੀ ਦੇ ਜਸ਼ਨ ਮਨਾਏ । ਅਸੀਂ ਸਾਂ, ਕਿ ਬਸ ਹਸਰਤ ਭਰੀਆਂ ਨਿਗਾਹਾਂ ਨਾਲ ਦੇਖਦੇ ਰਹੇ ।

13 ਅਗਸਤ ਦੀ ਰਾਤ ਨੂੰ ਪਾਕਿਸਤਾਨ ਟੀ.ਵੀ. ਤੋਂ ਇਕ ਵਿਸ਼ੇਸ਼ ਡਰਾਮਾ ਦਿਖਾਇਆ ਗਿਆ, ਜੋ ਅਜ਼ਾਦੀ ਦਿਨ ਨੂੰ ਸਮਰਪਤ ਸੀ । ਡਰਾਮੇ ਦਾ ਨਾਮ 'ਬਾਜ਼ਗਸ਼ਤ' ਸੀ, ਜੋ ਮਸ਼ਹੂਰ ਉਰਦੂ ਕਹਾਣੀਕਾਰ 'ਮੰਟੋ' ਦੀ ਇਕ ਕਹਾਣੀ 'ਤੇ ਆਧਾਰਤ ਸੀ । ਕਹਾਣੀ ਦਾ ਅਸਲ ਨਾਮ 'ਗੁਰਮੁਖ ਸਿੰਘ ਦੀ ਵਸੀਹਤ' ਹੈ । ਕਹਾਣੀ, 1947 ਦੀ ਵੰਡ ਵੇਲੇ ਹੋਈ ਕਤਲੋਗ਼ਾਰਤ ਤੇ ਲੁੱਟਮਾਰ ਤੇ ਆਧਾਰਤ ਸੀ ਅਤੇ ਕਹਾਣੀ ਦਾ ਕੇਂਦਰੀ ਨੁਕਤਾ ਇਹ ਸੀ ਕਿ ਗੁਰਮੁੱਖ ਸਿੰਘ ਦਾ ਪੁੱਤਰ ਆਪਣੇ ਪਿਓ ਦੇ ਮੁਸਲਮਾਨ ਦੋਸਤ ਦੇ ਪਰਿਵਾਰ ਨਾਲ ਅਹਿਸਾਨ-ਫਰਾਮੋਸ਼ੀ ਕਰਦਾ ਹੈ । ਉਹ ਸਿੱਖਾਂ ਦੇ ਇੱਕ ਬਲਵਈ ਗ੍ਰੋਹ ਦੀ ਆਪਣੇ ਪਿਓ ਦੇ ਉਸ ਮੁਸਲਮਾਨ ਦੋਸਤ ਦੀ ਕੁੜੀ ਚੁੱਕਣ ਵਿੱਚ ਮਦਦ ਕਰਦਾ ਹੈ ।

ਕਹਾਣੀ ਦੇਖੀ, ਬੜਾ ਦੁੱਖ ਲੱਗਾ । ਦੁੱਖ ਲੱਗਾ, ਉਨ੍ਹਾਂ ਦਿਨ੍ਹਾਂ ਉਤੇ, ਜਦੋ ਕੁਝ ਲੋਕ ਵਾਹਗੇ ਦੇ ਦੋਹਾਂ ਪਾਸੇ ਜਨੂਨ ਵਿੱਚ ਇਨਸਾਨੀ ਇਖਲਾਕ ਦੀ ਗਿਰਾਵਟ ਦੀਆਂ ਸਭ ਹੱਦਾਂ ਪਾਰ ਕਰ ਗਏ । ਦੁੱਖ ਲੱਗਾ, ਇਸ ਕਹਾਣੀ ਦੇ ਦਿਖਾਏ ਜਾਣ ਤੇ ਵੀ । ਇਸ ਮੌਕੇ ਇਹ ਕਹਾਣੀ ਦਿਖਾਏ ਜਾਣ ਤੇ ਦੁੱਖ ਇਸ ਕਰੇ ਜ਼ਿਆਦਾ ਲੱਗਾ, ਕਿ ਮੈਨੂੰ ਇਸ ਵਿਚੋਂ ਸਬੰਧਤ ਪਾਕਿਸਤਾਨੀ ਦੋਸਤਾਂ ਦੀ ਬੇਸਮਝੀ ਤੇ ਦੂਰਅੰਦੇਸ਼ੀ ਦੀ ਘਾਟ ਝਲਕਾਂ ਮਾਰਦੀ ਮਹਿਸੂਸ ਹੋਈ।

ਮੈਂ ਇਹ ਨਹੀਂ ਕਹਿੰਦਾ, ਕਿ ਅਜਿਹੀਆਂ ਮਾੜੀਆਂ ਘਟਨਾਵਾਂ ਓਦੋਂ ਵਾਪਰੀਆਂ ਨਹੀਂ ਹੋਣਗੀਆਂ, ਇਮਾਨਦਾਰੀ ਨਾਲ ਗੱਲ ਕਰੀਏ, ਤਾਂ ਦੋਹਵੇਂ ਪਾਸੇ ਵਾਪਰੀਆਂ ਸਨ। ਪਾਕਿਸਤਾਨੀ ਮੀਡੀਆ, ਅਕਸਰ ਇਕਤਰਫਾ ਗਲ ਕਰਦਾ ਹੈ ਅਤੇ ਨਿਸ਼ਾਨਾ ਵਿਅਕਤੀ ਵਿਸ਼ੇਸ਼ ਦੀ ਬਜਾਏ ਸਮੁੱਚੀ ਸਿੱਖ ਕੌਮ ਨੂੰ ਬਣਾ ਕੇ ਪੇਸ਼ ਕਰਦਾ ਹੈ । ਕਲ ਦਾ ਸੱਚ ਇਤਿਹਾਸ ਹੁੰਦਾ ਹੈ ਤੇ ਇਹ ਬਦਲਿਆ ਨਹੀਂ ਜਾ ਸਕਦਾ, ਪਰ ਸਮੇਂ ਮੁਤਾਬਕ ਦੇਖਣ ਦਾ ਅੰਦਾਜ਼ ਜ਼ਰੂਰ ਬਦਲਦਾ ਰਹਿੰਦਾ ਹੈ । ਦੂਜੀ ਗੱਲ ਇਹ ਹੈ ਕਿ ਘਟਨਾਵਾਂ ਕੇਵਲ ਮਾੜੀਆਂ ਹੀ ਨਹੀਂ ਵਾਪਰੀਆਂ, ਚੰਗੀਆਂ ਵੀ ਵਾਪਰੀਆਂ । ਇਨਸਾਨੀ ਰਿਸ਼ਤਿਆਂ ਦੀਆਂ ਖੂਬਸੂਰਤ ਮਿਸਾਲਾਂ ਵੀ ਇਨ੍ਹਾਂ ਦਿਨਾਂ ਵਿੱਚ ਹੀ ਦੇਖਣ ਸੁਣਨ ਨੂੰ ਮਿਲੀਆਂ । ਪਰ ਅਫਸੋਸ ਮੀਡੀਆ ਵਿੱਚ ਇਹ ਪੱਖ ਨਜ਼ਰਅੰਦਾਜ਼ ਹੁੰਦਾ ਰਿਹਾ ਤੇ ਹੋ ਰਿਹਾ ਹੈ ।

1947 ਦੀ ਵੰਡ ਵੇਲੇ ਤਿੰਨਾਂ ਕੌਮਾਂ ਦੀ ਅਬਾਦੀ ਤੇ ਤਨਾਸਬ ਨਾਲ ਸਭ ਤੋਂ ਵੱਧ ਨੁਕਸਾਨ ਸਿੱਖ ਕੌਮ ਦਾ ਹੋਇਆ ! ਕਿਉਂ ? ਮੈਂ ਇਥੇ, ਇਸ ਦੇ ਵਿਸਥਾਰ ਵਿੱਚ ਨਹੀਂ ਜਾਣਾ, ਬਸ ਇਕ ਨੁਕਤੇ ਵਿੱਚ ਗਲ ਮੁਕਾ ਕੇ ਅੱਗੇ ਤੁਰਦਾ ਹਾਂ, ਤੇ ਉਹ ਹੈ, ਸਮੇਂ ਦੀ ਸਿੱਖ ਲੀਡਰਸ਼ਿਪ ਵਿਚ ਦੂਰ ਅੰਦੇਸ਼ੀ ਦੀ ਘਾਟ ! 1947 ਦੀ ਵੰਡ ਤੋਂ ਫੌਰਨ ਬਾਦ, ਸਿੱਖ ਕੌਮ ਨੂੰ ਇਹ ਅਹਿਸਾਸ ਹੋ ਗਿਆ ਸੀ, ਕਿ ਇਸ ਤਿੰਨ ਕੌਮਾਂ ਦੀ ਵੰਡ ਵਿਚ ਉਨ੍ਹਾਂ ਦੇ ਹੱਥ ਕੁਝ ਨਹੀਂ ਆਇਆ, ਤੇ ਉਨ੍ਹਾਂ ਨੇ ਬਦਲੇ ਹੋਏ ਹਾਲਾਤ ਮੁਤਾਬਕ, ਆਪਣੇ ਬਚਾਉ ਲਈ ਹੱਥ ਪੈਰ ਮਾਰਨੇ ਸ਼ੁਰੂ ਕਰ ਦਿੱਤੇ ਸਨ । ਐਸੇ ਹਾਲਾਤ ਵਿਚ ਅਗਰ ਪਾਕਿਸਾਨੀ ਨੀਤੀਵਾਨਾਂ ਨੇ ਹਾਲਾਤ ਦਾ ਸਹੀ ਵਿਸ਼ਲੇਸ਼ਣ ਕਰ ਕੇ, ਆਣ ਵਾਲੇ ਸਮੇਂ ਸਬੰਧੀ ਸਹੀ ਅੰਦਾਜ਼ੇ ਲਗਾ ਕੇ ਨੀਤੀਆਂ ਤਿਆਰ ਕੀਤੀਆਂ ਹੁੰਦੀਆਂ, ਤਾਂ ਅਜ ਹਿੰਦ-

## 1947 ਦੀ ਗੱਲ

ਅਸੀਂ ਬੈਠੇ ਸਾਂ
ਬਾਪੂ ਜੀ ਨੂੰ ਘੇਰਾ ਘੱਤ ਕੇ ਸਾਰੇ,
ਸੁਣਾਉ ਕਿੰਝ ਸੀ ਹੋਇਆ
ਬਣੇ ਸਨ ਕੌਣ ਹਤਿਆਰੇ।

ਮਾਂ, ਪਿਉ ਭੈਣਾਂ ਤੇ ਭਾਈ,
ਮੇਰੀ ਮਾਂ ਦੇ ਕਿਸ ਨੇ ਮਾਰੇ।

ਮੇਰੀ ਮਾਂ ਦੀਆਂ ਜਵਾਨ ਭੈਣਾਂ ਨਾਲ
ਦੱਸੋ ਸੀ ਕੀ ਬੀਤੀ?
ਸ਼ਿਕਾਰ ਕਿਸੇ ਦਾ ਬਣੀਆਂ
ਜਾਂ ਸੀ ਖੁਦਕਸ਼ੀ ਕੀਤੀ।

ਕਿਸੇ ਤੋਂ ਇਹ ਵੀ ਸੁਣਿਐਂ ਮੈ
ਤੁਹਾਡੇ ਵਡਿਆਂ ਬਾਰੇ,
ਆਪਣੀ ਪਤਨੀ ਤੇ ਬੱਚੇ
ਉਨ੍ਹਾਂ ਆਪ ਹੀ ਮਾਰੇ।

ਤੇਰਾਂ ਜੀ ਉਹਨਾਂ ਘਰ ਦੇ
ਨਦੀ ਦੀ ਭੇਟ ਕੀਤੇ ਸਨ,
ਤੇ ਫਿਰ ਆਪਣੇ ਹੀ ਹੱਥੀਂ
ਆਪਣੇ ਉਸ ਬੁੱਲ ਸੀਤੇ ਸਨ।

ਬਾਪੂ ਜੀ ਵਿਚੋਂ ਹੀ ਬੋਲੇ
ਕਹਿੰਦੇ ਰਹਿਣ ਦੇ ਬੱਸ ਕਰ
ਮੈਂ ਕੱਲਾ ਨਹੀਂ ਅਨੇਕਾਂ ਨੇ
ਜਿਹੜੇ ਜਿਉਂਦੇ ਗਏ ਨੇ ਮਰ ।

ਨਹੀਂ ਅਫਸੋਸ ਸੀ ਹੋਣਾ,
ਨਹੀਂ ਬੀਤੇ ਤੇ ਸੀ ਰੋਣਾ,
ਜੇ ਛੱਡ ਕੇ ਘਰ ਆਪਣੇ
ਕੌਮ ਦਾ ਕੋਈ ਘਰ ਵਸਾ ਲੈਂਦੇ।

ਆਪਣੇ ਖੰਡਰਾਂ ਤੇ, ਕੌਮ ਦਾ ਘਰ ਬਣਾ ਲੈਂਦੇ
ਤੂੰ ਪੁਛਿਐ ਕਾਤਲਾਂ ਬਾਰੇ
ਨਾਂ ਲੈਂਦੇ ਡਰ ਲਗਦਾ ਹੈ,
ਉਹਨਾਂ ਦੇ ਰਾਜ ਦਾ ਸੂਰਜ
ਅਜ ਜ਼ੋਰਾਂ ਤੇ ਮੱਘਦਾ ਹੈ।
* * *

ਪਾਕਿ ਉਪ ਮਹਾਂਦੀਪ ਦਾ ਨਕਸ਼ਾ ਯਕੀਨਨ ਕੁਝ ਹੋਰ ਹੋਣਾ ਸੀ । ਭਾਰਤ ਦੇ ਹਿੰਦੂ ਹੁਕਮਰਾਨਾਂ ਦੀ ਸਿਆਸਤ ਨੂੰ ਸਮਝਣ ਦੀ ਲੋੜ ਸੀ, ਤੇ ਸਮੇਂ ਦੀ ਤਬਦੀਲੀ ਅਨੁਸਾਰ, ਸਿੱਖ ਕੌਮ ਪ੍ਰਤੀ ਰਵਈਏ ਵਿੱਚ ਹਾਂ-ਪੱਖੀ ਤਬਦੀਲੀ ਦੀ ਲੋੜ ਸੀ । ਪਰ ਇੰਝ ਨਹੀਂ ਹੋਇਆ, ਅਫਸੋਸ ਦਰ ਅਫਸੋਸ ਇਹ ਹੈ, ਕਿ ਅੱਧੀ ਸਦੀ ਬੀਤਣ ਅਤੇ ਭਾਰਤੀ ਹਾਕਮਾਂ ਹੱਥੋਂ ਅਨੇਕਾਂ ਨਵੇਂ ਜ਼ਖ਼ਮ ਖਾਣ ਦੇ ਬਾਅਦ ਵੀ, ਪਾਕਿਸਤਾਨੀ ਨੀਤੀਵਾਨ, ਸਿੱਖ ਕੌਮ ਤੇ ਸਿੱਖ ਲਹਿਰ ਸਬੰਧੀ ਆਪਣੀ ਕੋਈ ਸਪਸ਼ਟ ਤੇ ਠੋਸ ਨੀਤੀ ਨਹੀਂ ਬਣਾ ਸਕੇ । ਇਹੀ ਕਾਰਨ ਹੈ, ਕਿ ਅਜ ਪਾਕਿਸਤਾਨ ਟੀ.ਵੀ. ਉਪਰ ਅਜਿਹੀਆਂ ਕਹਾਣੀਆਂ ਦਿਖਾਈਆਂ ਜਾ ਰਹੀਆਂ ਹਨ ! ......

ਮੈਂ ਜਦੋਂ ਆਪਣੇ ਇਕ ਪਾਕਿਸਤਾਨੀ ਦੋਸਤ ਨਾਲ, ਇਸ ਵਿਸ਼ੇ ਤੇ ਗੱਲ ਕਰਦੇ ਹੋਏ, ਆਪਣਾ ਇਕ ਪਰਿਵਾਰਕ ਸਦਮਾ ਉਸ ਨਾਲ ਸਾਂਝਾ ਕੀਤਾ, ਤਾਂ ਉਸ ਨੇ ਜਜ਼ਬਾਤ ਵਿਚ, ਭਰੀਆਂ ਅੱਖਾਂ ਤੇ ਭਰੇ ਹੋਏ ਗਲੇ ਨਾਲ ਸਲਾਹ ਦਿੱਤੀ, ਕਿ ਮੈਂ ਇਸ ਨੂੰ ਕਲਮਬੰਦ ਕਰਕੇ ਸਾਰੇ ਜੱਗ ਨਾਲ ਸਾਂਝਾ ਕਰਾਂ, ਸ਼ਾਇਦ......ਸ਼ਾਇਦ......ਤੇ ਸ਼ਾਇਦ......।

1947 ਦੀ ਵੰਡ ਵੇਲੇ ਸਾਡਾ ਪਰਿਵਾਰ 'ਹਰੀਪੁਰ ਹਜ਼ਾਰਾ' ਤੋਂ ਹਿਜਰਤ ਕਰਕੇ ਪੂਰਬੀ ਪੰਜਾਬ ਵਿਚ ਗਿਆ ਸੀ, ਤੇ ਪਟਿਆਲਾ ਸ਼ਹਿਰ ਵਿਚ ਜਾ ਕੇ ਨਵੇਂ ਸਿਰਿਓਂ ਆਬਾਦ ਹੋਇਆ । ਆਬਾਦ ਕਾਹਦਾ ਹੋਇਆ ਸੀ, ਜੋ ਬਰਬਾਦੀ ਉਦੋਂ ਮੁਕੱਦਰ ਵਿਚ ਲਿਖੀ ਗਈ ਸੀ, ਅਜ ਵੀ ਉਹ ਜ਼ਿੰਦਗੀ ਦਾ ਹਿੱਸਾ ਬਣੀ ਤੁਰੀ ਆਉਂਦੀ ਹੈ । ਨਾਨਕੇ ਮੇਰੇ, 'ਹਜ਼ਾਰੇ' (ਜੋ ਹੁਣ ਸੂਬਾ ਸਰਹੱਦ ਵਿੱਚ ਹੈ) ਦੇ ਨਾਲ, ਪਿੰਡ 'ਸਰਾਏ ਨਿਆਮਤ ਖਾਨ' ਵਿਚ ਰਹਿੰਦੇ ਸਨ ਤੇ ਵਾਹੀ ਵਾਲੀ ਜ਼ਮੀਨ ਦੇ ਮਾਲਕ ਸਨ । 'ਸਰਾਏ ਨਿਆਸਤ ਖਾਨ' ਵਿਚ ਉਹ ਕੁਝ ਸਮਾਂ ਪਹਿਲਾਂ ਕਿਸੇ ਪਰਿਵਾਰਕ ਕਾਰਨ ਕਰ ਕੇ, ਜ਼ਿਲ੍ਹਾ ਲਾਇਲਪੁਰ ਦੇ ਕਿਸੇ 'ਚੱਕ' ਵਿਚੋਂ ਉਠ ਕੇ ਗਏ ਸਨ, ਚੱਕ ਦਾ ਨੰਬਰ ਹੁਣ ਮੈਨੂੰ ਯਾਦ ਨਹੀਂ, ਮਾਂ ਤੋਂ ਸੁਣਿਆਂ ਤਾਂ ਬੜੀ ਵਾਰੀ ਸੀ । ਨਾਨੇ ਮੇਰੇ ਦਾ ਨਾਮ ਗਿਆਨੀ ਪ੍ਰਤਾਪ ਸਿੰਘ ਸੀ, ਮੇਰੀ ਮਾਂ ਦੀਆਂ ਦੋ ਛੋਟੀਆਂ ਭੈਣਾਂ ਤੇ ਇਕ ਛੋਟਾ ਭਰਾ ਸੀ । ਨਾਨਾ ਜੀ ਨੇ, ਆਪਣੀ ਧਾਰਮਿਕ ਬਿਰਤੀ ਕਰਕੇ, ਇਕ ਘਰ ਗੁਰਦੁਵਾਰਾ ਪੰਜਾ ਸਾਹਿਬ ਦੇ ਬਿਲਕੁਲ ਨਾਲ ਕਰਕੇ ਵੀ ਬਣਾਇਆ ਹੋਇਆ ਸੀ ।



ਗਜਿੰਦਰ ਸਿੰਘ ਦੀ ਮਾਤਾ ਜੀ
ਸਵ. ਰਣਜੀਤ ਕੌਰ

ਸਾਡੇ ਪਿਤਾ ਜੀ ਦਾ ਖਿਆਲ ਸੀ, ਕਿ ਵੰਡ ਦਾ ਮਤਲਬ ਲੋਕਾਂ ਦੀ ਵੰਡ ਨਹੀਂ ਹੁੰਦਾ, ਤੇ ਉਹ ਹਿਜਰਤ ਕਰ ਕੇ ਉਧਰ ਜਾਣ ਦੀ ਇੱਛਾ ਬਿਲਕੁਲ ਨਹੀਂ ਸਨ ਰਖਦੇ । ਪਰ ਅਖੀਰ ਜਦੋਂ 'ਗਾਂਧੀ' ਦੇ ਇਕ ਸਿੱਖ-ਵਿਰੋਧੀ ਭਾਸ਼ਨ ਕਰਕੇ, ਹਾਲਾਤ ਐਸੇ ਬਣ ਗਏ, ਕਿ ਘਰਾਂ ਵਿਚ ਟਿਕੇ ਰਹਿਣਾ ਅਸੰਭਵ ਹੋ ਗਿਆ, ਤਾਂ ਉਹ ਘਰਬਾਰ ਛੱਡ ਕੇ ਰਫਿਊਜੀ ਕੈਂਪ ਤੇ ਫਿਰ ਉਥੋਂ ਅੰਮ੍ਰਿਤਸਰ ਵਲ ਤੁਰੇ । ਉਸ ਵੇਲੇ ਸਾਡੀ ਸਭ ਤੋਂ ਵੱਡੀ ਭੈਣ ਪੰਜ ਸਾਲ ਦੀ ਸੀ ਤੇ ਦੂਜੇ ਨੰਬਰ ਵਾਲਾ ਭਰਾ ਕੇਵਲ ਪੰਜ ਮਹੀਨੇ ਦਾ ਸੀ, ਬਾਕੀ ਤਿੰਨ ਭੈਣ ਭਰਾਵਾਂ ਦਾ ਜਨਮ ਸਾਡਾ ਪਟਿਆਲੇ ਆ ਕੇ ਹੋਇਆ । ਪਟਿਆਲੇ ਪਹੁੰਚਣ ਤੋਂ ਕੁਝ ਦੇਰ ਬਾਦ, ਮੇਰੀ ਮਾਂ ਨੂੰ, ਮੇਰੇ ਨਾਨਾ ਜੀ ਦਾ ਪੱਛਮੀ ਪੰਜਾਬ ਦੇ ਕਿਸੇ ਰਫਿਊਜ਼ੀ ਕੈਂਪ ਤੋਂ ਪਾਇਆ ਹੋਇਆ ਇਕ ਪੋਸਟ ਕਾਰਡ ਮਿਲਿਆ । ਇਸ ਪੋਸਟ ਕਾਰਡ ਵਿੱਚ ਨਾਨਾ ਜੀ ਨੇ ਲਿਖਿਆ ਸੀ, ਕਿ "ਅਸੀਂ ਫਲਾਂ ਕੈਂਪ ਵਿਚ ਹਾਂ, ਤੇ ਕੈਂਪ ਨੂੰ ਘੇਰਾ ਪਿਆ ਹੋਇਆ ਹੈ, ਸਾਡੇ ਲਈ ਅਰਦਾਸ ਕਰਿਓ, ਪਰ ਬਚਣ ਦੀ ਉਮੀਦ ਬਹੁਤ ਘੱਟ ਹੈ । ......" ਤੇ ਬਸ ਇਹੀ ਪੋਸਟ ਕਾਰਡ, ਸਾਡੇ ਨਾਨਾ ਜੀ ਦੀ ਆਖਰੀ ਯਾਦ ਸੀ, ਸਾਡੀ ਮਾਂ ਕੋਲ, ਜੋ ਹੁਣ ਤੱਕ ਸਾਡੇ ਘਰ ਵਿੱਚ ਮਾਂ ਦੀ ਵਿਰਾਸਤ ਵਜੋਂ ਸੁਰਖਿਅਤ ਪਿਆ ਹੋਇਆ ਹੈ । ਇਸ ਤੋਂ ਬਾਦ, ਉਸ ਕੈਂਪ ਵਿਚੋਂ ਬਚ ਕੇ ਆਏ ਕੁਝ ਜਾਣਕਾਰਾਂ ਵਲੋਂ ਵੱਖ-ਵੱਖ ਖਬਰਾਂ ਮਿਲੀਆਂ, ਕਿਸੇ ਨੇ ਕਿਹਾ, ਸਾਰਾ ਪਰਿਵਾਰ ਕਤਲ ਹੋ

# ਧੀਆਂ ਤੇ ਧਰੇਕਾਂ

ਧੀਆਂ ਤੇ ਧਰੇਕਾਂ
ਛੇਤੀ ਹੁੰਦੀਆਂ ਜਵਾਨ
ਸੱਚ ਨਾਲੋਂ ਸੱਚਾ ਹੈ
ਇਹ ਜਗ ਦਾ ਅਖਾਣ।
ਕਹਿੰਦੀ ਸੀ ਮਾਂ
ਜਿਹਦੀ ਠੰਡੀ ਮਿੱਠੀ ਛਾਂ
ਮਾਂ ਪਿਆਰੀ ਮਾਂ
ਮੂੰਹ ਤੇ ਜਦ ਆਏ ਨਾਂ
ਬੁੱਲਾ ਖੁਸ਼ਬੂ ਦਾ ਆਏ
ਲੂੰ ਲੂੰ ਖਿੜ ਜਾਏ।
ਅੱਜ ਧਰੇਕ ਦੀ ਛਾਵੇਂ
ਬੈਠੇ - ਬੈਠੇ ਮੇਰੀ ਮਾਏ
ਬੀਤੇ ਹੋਏ ਦਿਨ
ਮੈਨੂੰ ਡਾਢੇ ਯਾਦ ਆਏ।
ਮੈਂ ਵੀ ਪਿੱਛੇ ਛੱਡ ਆਇਆਂ
ਇਕ ਪਿਆਰੀ ਧੀ ਰਾਣੀ
ਹੋ ਗਈ ਹੋਵੇਗੀ
ਹੁਣ ਤੇ ਸਿਆਣੀ।
ਚੌਹਾਂ ਵਰਿਆਂ ਦੀ
ਹੱਸਦੀ ਤੇ ਖੇਡਦੀ
ਜੇ ਮਿਲ ਜਾਏ ਅਚਾਨਕ
ਕੀ ਜਾਏਗੀ ਪਛਾਣੀ?
ਮੈਂ ਵੀ ਪਿੱਛੇ ਛੱਡ ਆਇਆਂ
ਇਕ ਪਿਆਰੀ ਧੀ ਰਾਣੀ
ਧਰੇਕ ਵਾਗੂੰ ਛੇਤੀ ਹੀ
ਹੋ ਜਾਏਗੀ ਜਵਾਨ।
ਕੱਦ ਕਾਠ ਵਾਲੀ
ਮੇਰੀ ਬੱਚੀ ਮੇਰੀ ਜਾਨ
ਜਾਏਗੀ ਵਿਆਹੀ
ਸੌਹਰੇ ਘਰ ਜਾਏਗੀ
ਏਸੇ ਤਰਾਂ ਕਦੇ ਕਦੇ
ਯਾਦ ਆਏਗੀ
ਰੱਬ ਚਾਹਿਆ
ਮੇਲੇ ਗੇਲੇ ਹੋ ਜਾਣਗੇ
ਬੱਚੀਏ ਕਦੇ ਤਾਂ
ਦਿਨ ਸਾਡੇ ਆਣਗੇ।
ਸਾਡੇ ਦਿਨ ਉਹੀਉ
ਜੋ ਆਜ਼ਾਦ ਹੋਣਗੇ
ਹਰ ਪਾਸੇ ਸਾਡੇ
ਕੇਸਰੀ ਲਹਿਰਾਉਣਗੇ।
* * *

## ਕਲਮ ਇਹ ਜੰਗ ਲੜੇਗੀ

ਨਿਸ਼ਾਨਾ ਪਾਕ ਹੈ ਇਸਦਾ
ਕਲਮ ਇਹ ਜੰਗ ਲੜੇਗੀ।
ਹੈ ਪੈਂਡਾ ਬਿਖੜਾ ਭਾਵੇਂ
ਪਰ ਇਹ ਮੰਜ਼ਿਲ ਤੇ ਚੜ੍ਹੇਗੀ।
ਨੀਹਾਂ ਨੇ ਰੋਕੇ ਜੇ ਰਸਤੇ
ਤਾਂ ਇਹ ਨੀਹਾਂ 'ਚ ਖੜੇਗੀ।
ਵਕਤ ਨੂੰ ਬਦਲਣ ਦਾ ਨਿਸਚਾ
ਅੱਜ ਇਸ ਕਲਮ ਨੇ ਕੀਤੈ,
ਅਨੇਕਾਂ ਫਨੀਅਰਾਂ ਦਾ ਜ਼ਹਿਰ
ਤਾਹੀਉ ਤਾਂ ਇਸ ਨੇ ਪੀਤੈ।
ਵਕਤ ਤੇ ਗਾਲਿਬ ਨੇ ਬੰਦੇ
ਸੁਣਿਐ ਬਹੁਤ ਜ਼ਹਿਰੀਲੇ
ਜ਼ਹਿਰ ਹੀ ਜ਼ਹਿਰ ਨੂੰ ਕੱਟਦੈ
ਕਲਮ ਇਹ ਬੰਦੇ ਨੂੰ ਕੀਲੇ।
ਕਲਮ ਤਲਵਾਰ ਵਾਂਗ ਸਫਿਆਂ ਤੇ
ਜਦ ਵੀ ਵਾਰ ਜਰੇਗੀ
ਇਹਦੇ ਹਰ ਵਾਰ ਨਾਲ
ਕਈ ਜਾਬਰਾਂ ਦੀ ਧੌਣ ਝੜੇਗੀ।
ਕਲਮ ਇਹ ਜਾਬਰਾਂ ਤੋਂ
ਕੌਮ ਨੂੰ ਮੁਕਤੀ ਦਿਲਵਾਏਗੀ
ਸਿਰਾਂ ਦਾ ਮੁੱਲ ਪਾਉਣ ਵਾਲਿਆਂ ਦੇ
ਸਿਰ ਇਹ ਲਾਹਵੇਗੀ।
ਨਿਸ਼ਾਨਾ ਪਾਉਣ ਤੋਂ ਪਹਿਲਾਂ
ਨਾਂਹ ਨਿਸ਼ਾਨੇ ਤੋਂ ਹੜੇਗੀ,
ਜੇ ਸੀਸ ਲਹਿ ਗਿਆ ਪਹਿਲਾਂ
ਤਲੀ ਤੇ ਰਖ ਕੇ ਲੜੇਗੀ।
* * *

ਗਿਆ ਸੀ, ਤੇ ਕਿਸੇ ਨੇ ਕਿਹਾ, ਨਾਨਾ, ਨਾਨੀ ਜੀ ਤੇ ਮਾਮਾ ਕਤਲ ਕਰ ਦਿੱਤੇ ਗਏ ਸਨ, ਤੇ ਦੋਹਾਂ ਮਾਸੀਆਂ ਨੂੰ ਕੋਈ ਚੁੱਕ ਕੇ ਲੈ ਗਿਆ ਸੀ । ਮੇਰੀ ਮਾਂ ਨੇ ਬਾਕੀ ਦੀ ਸਾਰੀ ਜ਼ਿੰਦਗੀ ਇਸੇ ਸਦਮੇ ਨਾਲ ਗੁਜ਼ਾਰੀ ਹੈ । 1947 ਤੋਂ ਬਾਦ ਕਈ ਵਰ੍ਹਿਆਂ ਤੱਕ ਸਾਡੀ ਮਾਂ ਇਸ ਕਾਰਡ ਨੂੰ ਬਾਰ-ਬਾਰ ਆਪਣੇ ਟਰੰਕ ਵਿਚੋਂ ਕਢਦੀ ਤੇ ਦੇਖਦੀ ਰਹੀ, ਤੇ ਇੰਝ ਇਸ ਕਾਰਡ ਦੀ ਸਿਆਹੀ ਉਹਦੇ ਹੰਝੂਆਂ ਨਾਲ ਧੁਲਦੀ ਧੁਲਦੀ ਫਿੱਕੀ ਪੈਂਦੀ ਗਈ, ਤੇ ਸ਼ਾਇਦ ਇੰਝ ਹੀ ਯਾਦਾਂ ਵੀ ......। ਸੁਣਿਐਂ ਸ਼ੁਰੂ-ਸ਼ੁਰੂ ਵਿਚ, ਉਹ ਅਕਸਰ ਬੂਹੇ ਵਲ ਝਾਕਦੀ ਰਹਿੰਦੀ ਸੀ, ਕਿਸੇ ਉਡੀਕ ਵਿਚ, ਪਰ ਹੌਲੀ-ਹੌਲੀ ਬੱਚਿਆਂ ਪ੍ਰਤੀ ਵਧਦੀਆਂ ਜ਼ਿੰਮੇਵਾਰੀਆਂ ਨੇ, ਉਸ ਦੀ ਉਡੀਕ ਦਾ ਰੂਪ ਬਦਲ ਦਿੱਤਾ । ਭੈਣਾਂ ਭਰਾਵਾਂ ਦੀ ਥਾਂ ਸਕੂਲ ਗਏ ਬੱਚਿਆਂ ਦੀ ਉਡੀਕ ਨੇ ਲੈਣੀ ਸ਼ੁਰੂ ਕਰ ਦਿੱਤੀ ਤੇ ਇੰਝ ਹੌਲੀ-ਹੌਲੀ ਮੇਰੀ ਮਾਂ ਦਾ ਦਰਦ ਸਮੇਂ ਦੀਆਂ ਤੈਹਾਂ ਹੇਠ ਦੱਬਣਾ ਸ਼ੁਰੂ ਹੋ ਗਿਆ । ਦਰਦ ਦਾ ਅਹਿਸਾਸ ਘੱਟ ਜ਼ਰੂਰ ਹੋ ਗਿਆ, ਪਰ ਮੁੱਕਿਆ ਕਦੇ ਨਹੀਂ । ਕੋਈ ਵੀ ਪੁਰਾਣੀ ਯਾਦ ਉਸ ਦੀਆਂ ਅੱਖਾਂ ਵਿਚ ਫੱਟ ਹੰਝੂ ਲੈ ਆਉਂਦੀ । ਮੈਂ ਜੇਲ੍ਹ ਦੀ ਜ਼ਿੰਦਗੀ ਦੌਰਾਨ ਇਕ ਕਵਿਤਾ ਲਿਖੀ ਸੀ, ਜਿਸ ਦੀਆਂ ਪਹਿਲੀਆਂ ਸਤਰਾਂ ਕੁਝ ਇਸ ਤਰ੍ਹਾਂ ਸਨ......

ਦਸ ਨੀ ਮਾਏ, ਮੇਰੀਏ ਮਾਏ, ਅਸਾਂ ਕੀ ਪਾਪ ਕਮਾਏ
ਹੰਝੂਆਂ ਦੇ ਸੱਤੇ ਸਮੁੰਦਰ ਸਾਡੇ ਹਿੱਸੇ ਆਏ ......

ਕਿਸੇ ਰਸਾਲੇ ਵਿਚ ਛਪੀ ਮੇਰੀ ਇਹ ਕਵਿਤਾ ਪੜ੍ਹਕੇ, ਮਾਂ ਨੇ ਆਪਣੀ ਇਕ ਚਿੱਠੀ ਵਿਚ ਲਿਖਿਆ ਸੀ, "ਤੇਰੀ ਇਸ ਕਵਿਤਾ ਵਿਚ ਮੈਨੂੰ ਆਪਣਾ ਦਰਦ ਦਿਖਾਈ ਦਿੱਤਾ ਹੈ।"

1947 ਤੋਂ ਬਾਦ ਸਾਡੇ ਘਰੋਂ ਕਦੇ ਕੋਈ ਪਾਕਿਸਤਾਨ ਨਹੀਂ ਆਇਆ । ਮੈਂ ਆਇਆ, ਗੱਜ-ਵੱਜ ਕੇ ਆਇਆ । ਕੈਦ ਹੋਇਆ ਅਤੇ 14 ਸਾਲ ਬਾਅਦ ਰਿਹਾਈ ਮਿਲੀ । ਮਾਂ ਪਿਓ, ਦੋਹਵੇਂ ਆਪੋ ਆਪਣੀ ਜੀਵਨ-ਪੰਧ ਮੁਕਾ ਕੇ ਦੁਨੀਆਂ ਛੱਡ ਕੇ ਜਾ ਚੁੱਕੇ ਸਨ । ਜੇਲ੍ਹ ਦੀ ਜ਼ਿੰਦਗੀ ਦੌਰਾਨ ਤੇ ਉਸ ਤੋਂ ਬਾਦ ਵੀ, ਮਾਂ ਤੋਂ ਸੁਣੀਆਂ ਪਰਿਵਾਰਕ ਗੱਲਾਂ ਦੇ ਹਵਾਲੇ ਨਾਲ, ਅਕਸਰ ਮਨ ਵਿਚ ਇਹ ਖਿਆਲ ਉਠਦਾ ਰਿਹਾ, ਤੇ ਰਹਿੰਦਾ ਹੈ, ਕਿ ਕੀ ਇਹ ਹੋ ਸਕਦੈ, ਕਿ ਅਚਾਨਕ ਕਿਤੇ ਮੈਨੂੰ ਮੇਰੀ ਕੋਈ ਮਾਸੀ ਮਿਲ ਜਾਏ । ਬਦਲੇ ਹੋਏ ਧਾਰਮਿਕ ਤੇ ਸਮਾਜਿਕ ਮਾਹੌਲ ਵਿਚ ਉਹ ਮੈਨੂੰ ਕਿਵੇਂ ਮਿਲੇਗੀ, ਤੇ ਮੈਂ ਉਨ੍ਹਾਂ ਨੂੰ ਕਿਵੇਂ ਮਿਲਾਂਗਾ । ਕੀ ਮੈਂ ਉਸ ਨੂੰ ਮਾਂ ਵਾਂਗ ਮੱਥਾ ਟੇਕਾਂਗਾ, ਤੇ ਉਹ ਮੈਨੂੰ ਹਿੱਕ ਨਾਲ ਲਗਾ ਕੇ ਪਿਆਰ ਦੇਵੇਗੀ । ...... ਇਹ ਤੇ ਇਸ ਤਰ੍ਹਾਂ ਦੇ ਕਈ ਖਿਆਲ, ਮੇਰੇ ਮਨ ਵਿਚ ਉਠਦੇ ਰਹੇ ਹਨ । ਫਿਰ ਮਨ ਨੇ ਕਹਿਣਾ, ਮਾਸੀ ਤਾਂ ਮਾਸੀ ਹੀ ਹੈ, ਕੀ ਹੋਇਆ, ਜੇ ਉਹ ਹੁਣ ਰੱਬ ਦਾ ਨਾਮ ਕਿਸੇ ਵਖਰੇ ਤਰੀਕੇ ਨਾਲ ਲੈਂਦੀ ਹੋਵੇਗੀ । ......

ਜੇਲ੍ਹੋਂ ਰਿਹਾਈ ਤੋਂ ਬਾਦ, ਮੈਂ ਇਨ੍ਹਾਂ ਧੁੰਦਲੀਆਂ ਪੈ ਰਹੀਆਂ ਯਾਦਾਂ ਦੀ ਤੰਦ ਫੜ੍ਹ ਕੇ, 'ਸਰਾਏ ਨਿਆਮਤ ਖਾਨ" ਤੱਕ ਦਾ ਸਫਰ ਤਹਿ ਕੀਤਾ । ਪਿੰਡ ਦੀਆਂ ਗਲੀਆਂ ਫਿਰੀਆਂ, ਸਕੂਲ ਦੇ ਗੇਟ ਰਾਹੀਂ ਕਈ ਵਾਰ ਅੰਦਰ ਬਾਹਰ ਗਿਆ, ਪਿੰਡ ਦੇ ਪੁਰਾਣੇ ਖੂਹ ਦੇ ਦੁਆਲੇ ਪ੍ਰਕਰਮਾਂ ਕੀਤੀਆਂ, ਆਪਣੀ ਮਾਂ, ਮਾਸੀਆਂ, ਤੇ ਨਾਨਕਾ ਪਰਿਵਾਰ ਦੇ ਕਦਮਾਂ ਦੇ ਨਿਸ਼ਾਨ ਲੱਭਣ ਲਈ। ਪਰ ਸਭ ਸਮੇਂ ਦੀ ਧੂੜ ਹੇਠਾਂ ਦੱਬ ਚੁੱਕਾ ਹੋਇਆ ਸੀ । ਹਾਂ, ਪਿੰਡ ਦੇ ਲੋਕਾਂ ਦੀ ਮੁਹੱਬਤ ਵਿਚੋਂ, ਅਜ ਵੀ ਆਪਣਿਆਂ ਦੀ ਮੁਹਬੱਤ ਜਿਹਾ ਨਿੱਘ ਜਰੂਰ ਮਹਿਸੂਸ ਹੋਇਆ।

ਮੇਰੀ ਮਾਂ ਦਾ ਸਦਮਾ, ਮੈਨੂੰ ਵਿਰਸੇ ਵਿਚੋਂ ਮਿਲਿਆ, ਪਰ ਮੈਂ ਉਸਨੂੰ ਆਪਣੇ ਅੰਦਰ ਕੁੜਤੱਣ ਨਹੀਂ ਘੋਲਣ ਦਿੱਤੀ । ਮੈਂ, ਆਪਣੀ ਮਾਂ ਦੇ, ਤੇ ਆਪਣੇ ਦੁੱਖਾਂ ਲਈ, ਕਿਸੇ ਕੌਮ ਨੂੰ ਦੋਸ਼ੀ ਨਹੀਂ ਮਿਥਿਆ ਬਲਕਿ ਸਮੇਂ ਨੂੰ ਦੋਸ਼ੀ ਮੰਨ ਕੇ, ਸਮਾਂ ਬਦਲਣ ਦਾ ਨਿਸਚਾ ਕੀਤਾ । ਮੈਂ ਸਦਮਿਆਂ ਭਰੀ ਵਿਰਾਸਤ ਵਿਚੋਂ, ਨਵੀਆਂ ਮੁਹੱਬਤਾਂ ਦੇ ਰਾਹ ਤਲਾਸ਼ ਕਰਨੇ ਸ਼ੁਰੂ ਕੀਤੇ । ਪਿਛਲੇ 25 ਸਾਲਾਂ ਵਿਚ ਬਹੁਤ ਕੁਝ ਪਾਇਆ ਹੈ, ਪਰ ਮੇਰੀ ਤਲਾਸ਼ ਹਾਲੇ ਨਹੀਂ ਮੁੱਕੀ । ਮੇਰੀ ਤਲਾਸ਼ ਦਾ ਅਜ ਤੱਕ ਦਾ ਨਿਚੋੜ ਭਾਵੇਂ ਨਿਰਾਸ਼ਾਜਨਕ ਨਹੀਂ ਪਰ ਆਸ਼ਾਵਾਂ ਨਾਲ ਭਰੀ ਸਵੇਰ ਹਾਲੇ ਚੜ੍ਹਨੀ ਰਹਿੰਦੀ ਹੈ । ਉਸ ਸਵੇਰ ਲਈ ਜਿੰਨੀ ਕੋਸ਼ਿਸ਼ ਹਿੱਸੇ ਆਉਂਦੀ ਹੈ, ਉਸ ਤੋਂ ਕੁਝ ਵੱਧ, ਲਾਹੌਰ ਵਾਲਿਉ ਤੁਹਾਡੇ ਹਿੱਸੇ ਆਉਂਦੀ ਹੈ ।

# ਜਹਾਜ਼ ਦੀ ਵਾਪਸੀ ਦੇ ਯਤਨ ਜਾਰੀ

## ਭਾਰਤ ਦਾ ਤੀਸਰਾ ਜਹਾਜ਼ ਉਧਾਲਿਆ ਗਿਆ

## ਇੰਦਰਾ ਨੂੰ ਸੂਚਿਤ ਕਰ ਦਿੱਤਾ ਗਿਆ

*ਨਵੀਂ ਦਿਲੀ 29 ਸਤੰਬਰ-(ਯੂ. ਐਨ. ਆਈ. ਭ ਰਤੀ) ਇੰਡੀਅਨ ਏਅਰ ਲਾਈਨਜ਼ ਦਾ ਇਕ ਹਵਾਈ ਜਹਾਜ ਬੋਇੰਗ 737 ਅਗਵਾ ਕਰਕੇ ਲਾਹੌਰ ਲਾਹ ਲਿਆ ਗਿਆ। ਇਹ ਜਹਾਜ਼ ਜੋ ਦਿਲੀ ਤੋਂ ਸ੍ਰੀਨਗਰ ਜਾ ਰਿਹਾ ਸੀ ਤੇ ਜਿਸ ਵਿਚ 117 ਮੁਸਾਫਰ ਸਵਾਰ ਸਨ ਦੁਪਿਹਰ 1-20 ਮਿੰਟ ਤੇ ਉਧਾਲ ਕੇ ਪਾਕਿਸਤਾਨ ਉਤਾਰਿਆ ਗਿਆ। 117 ਵਿਚੋਂ 6 ਅਮਲੇ ਦੇ ਮੈਂਬਰ ਹਨ, ਜਦੋਂਕਿ 61 ਅੰਮ੍ਰਿਤਸਰ ਦੇ ਹਨ। ਜਹਾਜ਼ 12-43 ਮਿੰਟ ਤੇ ਦਿਲੀ ਹਵਾਈ ਅਡੇ ਤੋਂ ਉਡਿਆ ਸੀ।*

ਹਵਾਈ ਜਹਾਜ ਨੂੰ ਅਗਵਾ ਕਰਨ ਵਾਲੇ ਸਿਖ ਹਨ ਤੇ ਖਾਲਿਸਤਾਨ ਦੇ ਹਮਾਇਤੀ ਦਸੇ ਜਾਂਦੇ ਹਨ ਜਿਹਨਾਂ ਦੀ ਗਿਣਤੀ ਪਹਿਲਾਂ ਦੋ ਦਸੀ ਗਈ ਸੀ, ਹੁਣ [illegible] ਦਸੀ ਗਈ ਹੈ। ਇਹਨਾਂ ਵਿਚੋਂ ਇਕਮੁਖੀ ਦਾ ਨਾਂ ਗਜਿੰਦਰ ਸਿੰਘ ਹੈ। ਗਜਿੰਦਰ ਸਿੰਘ ਬਾਰੇ ਇਹ ਵੀ ਦਸਿਆ ਜਾਂਦਾ ਹੈ ਕਿ ਉਹ [illegible]ਲ ਖਾਲਸਾ ਦਾ ਪੰਚ ਹੈ। ਉਧਾਲਿਆ ਹਵਾਈ ਜਹਾਜ ਲਾਹੌਰ ਹਵਾਈ ਅੱਡੇ ਤੇ ਖੜਾ ਹੈ ਤੇ ਸਾਰੀਆਂ ਸਵਾਰੀਆਂ ਜਹਾਜ ਵਿਚ ਹੀ ਬੈਠੀਆਂ ਹਨ



ਗਜਿੰਦਰ ਸਿੰਘ

[illegible] ਜਹਾਜ ਨੂੰ ਹਵਾਈ ਅੱਡੇ ਤੇ ਸੁਰਖਿਆ [illegible]ਰਸ ਨੇ ਘੇਰਿਆ ਹੋਇਆ ਹੈ। ਦਸਿਆ ਜਾਂਦਾ ਹੈ ਕਿ ਜਹਾਜ਼ ਜਦੋਂ ਦਿਲੀ ਤੋਂ ਉਡਿਆ ਤਾਂ ਹਵਾਈਡਾਕੂਆਂ ਵਿਚੋਂ ਇਕ ਨੇ ਕਿਹਾ ਕਿ ਜਹਾਜ ਅਗਵਾ ਹੋ ਚੁਕਿਆ ਹੈ। ਉਸ ਨੇ ਕ੍ਰਿਪਾਨ ਦਿਖਾ ਕੇ ਹਵਾਬਾਜ਼ [illegible] ਜਹਾਜ ਨੂੰ ਪਾਕਿਸਤਾਨ ਵਲ ਲਿਜਾਣ ਲਈ ਕਿਹਾ, ਕਿਹਾ ਜਾਂਦਾ ਹੈ ਕਿ ਸਾਰੇ ਹਵਾਈ ਡਾਕੂ ਹਥਿਆਰਬੰਦ ਸਨ। ਜਹਾਜ ਵਿਚ 117 ਮੁਸਾਫਰਾਂ ਵਿਚੋਂ [illegible]

ਰਜਨੀ ਮਿਸ਼ਰਾ ਤੇ ਮਿਸ ਅਨੀਤਾਕੁਮਾਰੀ। ਇਹ ਦਸਿਆ ਗਿਆ ਹੈ ਕਿ ਜਹਾਜ ਅਗਵਾ ਕਰਨ ਵਾਲੇ ਹਵਾਈ ਡਾਕੂਆਂ ਨੇ ਖਾਲਿਸਤਾਨ ਦੇ ਹਕ ਵਿਚ ਨਾਅਰੇ ਲਾਏ। ਗਜਿੰਦਰ ਸਿੰਘ ਬਾਰੇ ਕਿਹਾ ਜਾਂਦਾ ਹੈ ਕਿ ਉਸਨੇ ਇਹ ਜਹਾਜ ਚੌਕ ਮਹਿਤਾ ਵਿਖੇ ਹੋਏ ਗੋਲੀ ਕਾਂਡ ਵਿਰੁਧ ਰੋਸ ਪ੍ਰਗਟ ਕਰਨ ਲਈ ਅਗਵਾ ਕੀਤਾ ਹੈ। ਪਤਾ ਲਗਾ ਹੈ ਕਿ ਇਸ ਸਿਲਸਿਲੇ ਵਿਚ ਭਾਰਤ ਸਰਕਾਰ ਨੇ ਪਾਕਿਸਤਾਨ ਨਾਲ ਸੰਪਰਕ ਕਾਇਮ ਕੀਤਾ ਹੋਇਆ ਹੈ।

ਇਹ ਭਾਰਤ ਦਾ ਤੀਜਾ ਜਹਾਜ ਹੈ ਜੋ ਅਗਵਾਹ ਕੀਤਾ ਗਿਆ। ਇਸਨੂੰ ਕੈਪਟਨ ਸਿਨਹਾ ਤੇ ਕੈਪਟਨਡੇਮਲੇਚਲਾ ਰਹੇ ਸਨ। ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਜੋ ਆਸਟਰੇਲੀਆ ਵਿਖੇ ਕਾਮਨ ਵੈਲਥ ਕਾਨਫਰੰਸ ਵਿਚ ਸ਼ਾਮਲ ਹੋਣ ਲਈ ਗਏ ਹੋਏ ਹਨ, ਨੂੰ ਵੀ ਇਸ ਘਟਨਾ ਤੋਂ ਸੂਚਿਤ ਕਰ ਦਿਤਾਗਿਆ ਹੈ। ਕੇਂਦਰੀਟਰਾਂਸਪੋਰਟ ਮੰਤਰੀ ਸ੍ਰੀਸ਼ਰਮਾ ਨੇ ਖਬਰ ਮਿਲਦਿਆਂ ਹੀ ਸੀਨੀਅਰ ਅਧਿਕਾਰੀਆਂ ਦੀ ਮੀਟਿੰਗ ਬੁਲਾ ਲਈ ਹੈ ਤਾਂ ਕਿ ਅਗਵਾਹਕਾਰਾਂ ਕੋਲੋਂ ਹਵਾਈ ਜਹਾਜ ਤੇ ਮੁਸਾਫਰਾਂ ਨੂੰ ਮੁਕਤ ਕਰਾਇਆ ਜਾ ਸਕੇ। ਇਹ ਜਹਾਜ ਲਾਹੌਰ ਹਵਾਈ ਅੱਡੇ ਤੇ (ਪਾਕਿਸਤਾਨ ਟਾਈਮ) 12-50 ਮਿੰਟ ਤੇ ਉਤਰਿਆ। ਹਵਾਈ ਡਾਕੂਆਂ ਨੇ ਇਹ ਕਹਿਕੇ ਜਹਾਜ ਉਤਾਰਨ ਲਈ ਆਗਿਆ ਮੰਗੀ ਕਿ ਜਹਾਜ ਵਿਚ ਤੇਲ ਘਟ ਹੈ। ਇਜਾਜ਼ਤ ਮਿਲਣ ਤੋਂ ਪਹਿਲਾਂ [illegible] ਜਹਾਜ ਲਾਹ ਲਿਆ ਗਿਆ ਜਹਾਜ ਉਤਰਨ ਪਿਛੋਂ ਪਾਕਿਸਤਾਨ ਦੇ ਬਿਦੇਸ਼ ਵਿਭਾਗ ਨੇ ਭਾਰਤੀ ਹਾਈ ਕਮਿਸ਼ਨ ਨੂੰ ਇਸ ਸਬੰਧੀ ਸੂਚਿਤ ਕਰ ਦਿਤਾ।

ਤਾਜ਼ਾ ਇਤਲਾਹ ਅਨੁਸਾਰ ਹਵਾਈ ਡਾਕੂਆਂ ਦੀ ਗਿਣਤੀ ਅੱਠ ਹੈ ਜੋ ਖਾਲਿਸਤਾਨ ਦੇ ਹਮਾਇਤੀ ਹਨ। ਜਹਾਜ 126 ਸੀਟਾਂ ਦਾ ਹੈ। ਇਸਨੇ ਅੰਮ੍ਰਿਤਸਰ ਦੇ ਰਸਤੇ ਸ੍ਰੀਨਗਰ ਜਾਣਾ ਸੀ ਪਾਕਿਸਤਾਨ ਸਰਕਾਰ ਨੇ ਇਸਨੂੰ ਉਤਰਨ ਦੀ ਆਗਿਆ ਨਾ ਦਿਤੀ ਪਰ ਫਿਰ ਵੀ ਜਹਾਜ ਨੂੰ ਲਾਹੌਰ ਉਤਾਰ ਲਿਆ ਗਿਆ।

ਇਹਜਹਾਜ ਲਾਹੌਰ ਵਿਚ 1·20 ਮਿੰਟ

ਵੇਖਿਆ ਗਿਆ ਸੀ। ਸ: ਗਜਿੰਦਰ ਸਿੰਘ ਨਾਲ ਇਕ ਹੋਰ ਵਿਅਕਤੀ ਦਸਿਆ ਜਾਂਦਾ ਹੈ ਜਿਸ ਬਾਰੇ ਹਾਲੀ ਵੇਰਵੇ ਦੀ ਉਡੀਕ ਕੀਤੀ ਜਾ ਰਹੀ ਹੈ। ਇਹਨਾਂ ਦੋਹਾਂ ਨੇ ਪਾਇਲਟ ਤੇ ਸਹਾਇਕ ਪਾਇਲਟ ਨੂੰ ਛੋਟੀ ਕਿਰਪਾਨ ਦਿਖਾਕੇ ਅਗਵਾ ਕਰ ਲਿਆ। ਇਸ ਜਹਾਜ ਨੇ ਅੰਮ੍ਰਿਤਸਰ ਉਤਰਨਾ ਸੀ ਪਰ ਉਹਨਾਂ ਨੇ ਪਾਇਲਟ ਨੂੰ ਲਾਹੌਰ ਜਾਣ ਲਈ ਮਜਬੂਰ ਕਰ ਦਿਤਾ।

### ਦਲ ਖਾਲਸਾ ਵਾਲੇ

ਹਿੰਦੁਸਤਾਨ ਸਮਾਚਾਰ ਅਨੁਸਾਰ



ਸਤਨਾਮ ਸਿੰਘ

ਇੰਡੀਅਨ ਏਅਰ ਲਾਇਨ ਦਾ ਬੋਇੰਗ 737 ਹਵਾਈ ਜਹਾਜ ਅਗਵਾ ਕਰਨ ਵਾਲਿਆਂ ਵਿਚ ਚੰਡੀਗੜ੍ਹ ਦੇ ਗਜਿੰਦਰ ਸਿੰਘ ਅਤੇ ਹਰ ਸਿਮਰਨ ਸਿੰਘ ਪਾਉਂਟਾ ਸਾਹਿਬ ਤੋਂ ਸਤਨਾਮ ਸਿੰਘ, ਲੁਧਿਆਣਾ ਦਾ ਹਰਭਗਤ ਸਿੰਘ, ਗੁਰਦਾਸਪੁਰ ਦਾ ਜਸਵੰਤ ਸਿੰਘ ਅਤੇ ਐਨ. ਸਚਦੇਵਾ ਸ਼ਾਮਲ ਹਨ।

ਪ੍ਰਾਪਤ ਜਾਣਕਾਰੀ ਅਨੁਸਾਰ ਅਗਵਾਹਕਾਰਾਂ ਵਿਚ ਜੋ ਦਲ ਖਾਲਸਾ ਦੇ ਸਰਗਰਮ

# ਚੜ੍ਹਦੇ ਸੂਰਜ ਤੇ ਅਸੀਂ

ਚੜਦੇ ਸੂਰਜ ਨੂੰ ਸਲਾਮ ਕਰਨਾ
ਸਾਡੀ ਫਿਤਰਤ ਨਹੀ
ਉਹ ਹੋਰ ਹੀ ਹਨ
ਜੋ ਪਹਿਲੀ ਕਿਰਨ ਦੀ
ਝਲਕ ਪੈਂਦੇ ਹੀ
ਪਾਣੀ ਦੇ ਲੋਟੇ ਲੈ ਕੇ
ਦੌੜਦੇ ਨੇ,
ਤੇ ਕਾਮਨਾ ਕਰਦੇ ਨੇ
ਕਿਸੇ ਮਿਹਰ ਦੀ।
ਪਰ
ਅਸੀ ਉਹ ਧੁਰੇ ਹਾਂ
ਜੋ ਆਪਣੀ ਜਗ੍ਹਾ ਤੋਂ
ਕਦੇ ਹਿੱਲੇ ਨਹੀਂ
ਕਿਸੇ ਸੂਰਜ ਦੀ ਮਰਜ਼ੀ ਹੈ
ਉਹ ਗੇੜੇ ਕੱਟ ਸਕਦਾ ਹੈ।
* * *

# ਪੰਜਾਬ ਦੀ ਰਾਜਨੀਤੀ ਤੇ ਕਾਬਿਜ ਕੁਝ ਆਗੂਆਂ ਦੇ ਨਾਂ

ਜੀ ਕਰਦੈ
ਇਹਨਾਂ ਲੋਕਾਂ ਨੂੰ ਪੁੱਠੇ ਕਰਕੇ ਲਟਕਾ ਦੇਵਾਂ
ਥੱਲੇ ਲੱਕੜਾਂ ਦਾ ਢੇਰ ਰੱਖਾਂ
ਫਿਰ ਉਸ ਨੂੰ ਤੀਲ੍ਹੀ ਲਾ ਦੇਵਾਂ
ਇਹਨਾਂ ਦੀ ਗੰਦੀ ਦੇਹੀ ਦਾ
ਮੈਂ ਭੋਗ ਸਦਾ ਲਈ ਪਾ ਦੇਵਾਂ
ਗੱਲਾਂ ਕੁਝ ਐਸੀਆਂ ਸੁਣੀਆਂ ਅੱਜ
ਦਿਲ ਭਾਂਬੜ ਮੱਚੀ ਜਾਂਦੇ ਨੇ
ਇਹ ਬਦਚਲਨ ਤੇ ਰਿਸ਼ਵਤਖੋਰ
ਕੌਮ ਖੂਹ ਵਿਚ- ਧੱਕੀ ਜਾਂਦੇ ਨੇ
ਜੀ ਕਰਦੈ
ਇਹਨਾਂ ਲੋਕਾਂ ਨੂੰ ਪੁੱਠੇ ਕਰਕੇ ਲਟਕਾ ਦੇਵਾਂ
ਥੱਲੇ ਲੱਕੜਾਂ ਦਾ ਢੇਰ ਰੱਖਾਂ
ਫਿਰ ਉਸ ਨੂੰ ਤੀਲ੍ਹੀ ਲਾ ਦੇਵਾਂ। ..........
* * *

# ਕਲਮ ਤੋਂ ਤਲਵਾਰ ਤੱਕ

ਗਜਿੰਦਰ ਸਿੰਘ

ਮੇਰੀ ਪਹਿਚਾਣ ਕਲਮ ਹੈ ਜਾਂ ਤਲਵਾਰ, ਇਸ ਦਾ ਨਿਰਣਾ ਕਰਨਾ ਮੇਰੇ ਵੱਸ ਵਿਚ ਨਹੀ। ਮੇਰੀ ਸੋਚ ਵਿੱਚ ਪ੍ਰਮੁਖਤਾ ਮਕਸਦ ਦੀ ਰਹੀ ਹੈ । ਕਲਮ ਹੋਵੇ ਜਾਂ ਤਲਵਾਰ, ਮੈਂ ਇਨ੍ਹਾਂ ਨੂੰ ਹਮੇਸ਼ਾਂ ਹੀ ਇਕ ਹਥਿਆਰ ਵਾਂਗ ਵਰਤਿਆ ਹੈ । 13 ਅਪ੍ਰੈਲ 1975 ਨੂੰ ਪ੍ਰਕਾਸ਼ਤ ਹੋਏ ਮੇਰੇ ਪਹਿਲੇ ਕਾਵਿ ਸੰਗ੍ਰਹਿ "ਪੰਜ ਤੀਰ ਹੋਰ" ਦੇ ਪਿਛਲੇ ਪੰਨੇ ਤੇ ਮੇਰੀ ਤਸਵੀਰ ਦੇ ਹੇਠਾਂ ਮੇਰੀ ਇਕ ਨਜ਼ਮ ਦੀਆਂ ਜੋ ਸਤਰਾਂ ਛੱਪੀਆਂ ਸਨ, ਉਹ ਸਤਰਾਂ ਹੀ ਮੈਨੂੰ ਅੱਜ ਤੱਕ ਆਪਣੀ ਪਹਿਚਾਣ ਜਾਪਦੀਆਂ ਹਨ

ਮੈਂ ਲੜ੍ਹਨ ਦੀ ਜਾਚ ਮਾਂ ਦੇ ਪੇਟ 'ਚੋਂ ਹੀ ਸਿੱਖੀ ਹੈ
ਕਲਮ, ਬੋਲ ਜਾਂ ਤਲਵਾਰ ਕੋਈ ਵੀ ਹੋਵੇ
ਧਾਰ ਕਲਮ ਤੋਂ ਤਲਵਾਰ ਤੱਕ ਅਤਿਅੰਤ ਤਿੱਖੀ ਹੈ

ਕਲਮ ਤੇ ਤਲਵਾਰ ਦਾ ਗੂੜ੍ਹਾ ਰਿਸ਼ਤਾ ਹੈ, ਕਦੇ ਕਲਮ ਤਲਵਾਰ ਦਾ ਕੰਮ ਕਰਦੀ ਹੈ ਤੇ ਕਦੇ ਤਲਵਾਰ ਕਲਮ ਦਾ । ਜਦੋਂ ਮੈਂ 'ਪੰਜ ਤੀਰ ਹੋਰ' ਨਜ਼ਮ ਲਿੱਖ ਰਿਹਾ ਸਾਂ, ਤਾਂ ਮੈਨੂੰ ਆਪਣੀ ਕਲਮ ਤਲਵਾਰ ਵਾਂਗ ਲੱਗਦੀ ਸੀ ਅਤੇ ਜਦੋਂ ਮੈਂ 29 ਸਤੰਬਰ 1981 ਨੂੰ ਮਨ ਵਿੱਚ ਇੱਕ ਕੌਮੀ ਮਕਸਦ ਲੈ ਕੇ ਹਿੰਦੁਸਤਾਨ ਦੇ ਹਵਾਈ ਜਹਾਜ਼ ਵਿੱਚ ਸਵਾਰ ਹੋ ਰਿਹਾ ਸਾਂ ਤਾਂ ਮੈਨੂੰ ਇੰਝ ਲੱਗ ਰਿਹਾ ਸੀ ਜਿਵੇਂ ਮੈਂ ਤਲਵਾਰ ਨਾਲ ਇੱਕ ਨਵੀਂ ਨਜ਼ਮ ਲਿੱਖਣ ਜਾ ਰਿਹਾ ਹਾਂ।

ਇਹ ਗੱਲ 16 ਸਤੰਬਰ 1981 ਦੀ ਹੈ । ਮੈਂ ਅਤੇ ਹਰਸਿਮਰਨ ਸਿੰਘ, ਜਲੰਧਰ ਦੇ ਗੁਰਦਵਾਰਾ ਮਾਡਲ ਟਾਉਨ ਦੇ ਇੱਕ ਕਮਰੇ ਵਿੱਚ ਬੈਠੇ ਕੌਮੀ ਸੰਘਰਸ਼ ਸਬੰਧੀ ਵਿਚਾਰ ਵਟਾਂਦਰਾ ਕਰ ਰਹੇ ਸਾਂ । ਸੰਤ ਜਰਨੈਲ ਸਿੰਘ ਜੀ ਦੀ ਗ੍ਰਿਫਤਾਰੀ ਲਈ ਪੁਲਸ ਵੱਲੋਂ ਚੰਦੋ ਕਲਾਂ ਵਿੱਚ ਮਾਰੇ ਗਏ ਛਾਪੇ ਤੋਂ ਬਾਦ ਇੱਕ ਨਵੀਂ ਸਥਿੱਤੀ ਪੈਦਾ ਹੋ ਚੁੱਕੀ ਸੀ । 'ਚੰਦੋ ਕਲਾਂ' ਵਿੱਚ ਪੁਲਸ ਵੱਲੋਂ ਕੀਤੀ ਗਈ ਜ਼ਿਆਦਤੀ ਅਤੇ ਖਾਸ ਕਰਕੇ ਧਾਰਮਿਕ ਪੋਥੀਆਂ ਦੇ ਕੀਤੇ ਗਏ ਅਪਮਾਨ ਦਾ ਜਵਾਬ ਦੇਣ ਲਈ ਦਲ ਖ਼ਾਲਸਾ ਵੱਲੋਂ ਹਿੰਦੁਸਤਾਨ ਦੇ ਰਾਸ਼ਟਰੀ ਝੰਡੇ ਤੇ ਸੰਵਿਧਾਨ ਨੂੰ ਫੂਕਣ ਦਾ ਫੈਸਲਾ ਲਿਆ ਜਾ ਚੁੱਕਾ ਸੀ । ਇਸ ਕਾਰਵਾਈ ਲਈ ਸਤਨਾਮ ਸਿੰਘ ਦੀ ਜ਼ਿੰਮੇਵਾਰੀ ਲਾਈ ਜਾ ਚੁੱਕੀ ਸੀ ਅਤੇ ਕਾਰਵਾਈ ਦੀ ਤਰੀਕ 17 ਸਤੰਬਰ ਮਿਥੀ ਗਈ ਸੀ ।

ਸਾਡੇ ਦੋਹਾਂ ਦੇ ਇਸ ਵਿਚਾਰ-ਵਟਾਂਦਰੇ ਦੌਰਾਨ ਹਾਈਜੈਕਿੰਗ ਦੀ ਕਾਰਵਾਈ ਦਾ ਵਿਚਾਰ ਜਨਮਿਆ ਅਤੇ ਉਸਨੂੰ ਅਮਲੀ ਜਾਮਾ ਪਹਿਨਾਉਣ ਲਈ ਮੁੱਢਲੇ ਫੈਸਲੇ ਲਏ ਗਏ । ਇਨ੍ਹਾਂ ਫੈਸਲਿਆਂ ਮੁਤਾਬਿਕ ਕਾਰਵਾਈ ਦੀ ਮੁਕੰਮਲ ਜ਼ਿੰਮੇਵਾਰੀ ਮੇਰੇ ਮੋਢਿਆਂ ਤੇ ਪਾਈ ਗਈ ਅਤੇ ਸਾਥ ਦੇਣ ਲਈ ਮੈਂ ਗੁਰਬਚਨ ਸਿੰਘ ਦੀ ਚੋਣ ਕੀਤੀ । ਭਾਰਤੀ ਝੰਡੇ ਤੇ ਸੰਵਿਧਾਨ ਨੂੰ ਪ੍ਰੈਸ ਦੇ ਸਾਹਮਣੇ ਫੂਕਣ ਦੀ ਕਾਰਵਾਈ ਕਿਸੇ ਕਾਰਨ ਸਤਿਨਾਮ ਸਿੰਘ ਦੀ ਥਾਂ ਗੁਰਬਚਨ ਸਿੰਘ (ਸ਼ਹੀਦ) ਨੂੰ ਸੌਂਪਣੀ ਪਈ ।

17 ਸਤੰਬਰ ਦੀ ਦੁਪਹਿਰ ਨੂੰ ਗੁਰਬਚਨ ਸਿੰਘ ਭਾਰਤੀ ਝੰਡਾ ਤੇ ਵਿਧਾਨ ਹਿੰਦੀ ਅਖ਼ਬਾਰਾਂ ਦੇ ਦਫਤਰਾਂ ਸਾਹਮਣੇ ਖੜ੍ਹ ਕੇ ਸ਼ਰੇਆਮ ਫੂਕਣ ਤੋਂ ਬਾਦ ਗ੍ਰਿਫਤਾਰ ਹੋ ਗਿਆ ਅਤੇ ਮੈਂ ਜਲੰਧਰੋਂ ਤੇਜਿੰਦਰਪਾਲ ਸਿੰਘ ਨੂੰ ਨਾਲ ਲੈ ਕੇ ਅੰਮ੍ਰਿਤਸਰ ਲਈ ਰਵਾਨਾ ਹੋ ਗਿਆ। ਅੰਮ੍ਰਿਤਸਰ ਜਾ ਕੇ ਪਤਾ ਲੱਗਾ ਕਿ ਸਤਿਨਾਮ ਸਿੰਘ ਨੇ ਇੱਕ ਸਾਥੀ ਮਹਿੰਦਰ ਸਿੰਘ ਬਾਗੀ (ਸ਼ਹੀਦ) ਨੂੰ ਨਾਲ ਲੈ ਕੇ ਦਰਬਾਰ ਸਾਹਿਬ ਦੇ ਸਾਹਮਣੇ ਖੜ੍ਹੀ ਇੱਕ ਸਰਕਾਰੀ ਬੱਸ ਨੂੰ ਅੱਗ ਲਾਉਣ ਦੀ ਕੋਸ਼ਿਸ਼ ਕੀਤੀ ਅਤੇ ਇਸੇ ਕੋਸ਼ਿਸ਼ ਦੇ ਨਤੀਜੇ ਵਜੋਂ ਪੈਦਾ ਹੋਏ ਹਾਲਾਤਾਂ ਕਾਰਨ ਉਹ ਜਲੰਧਰ ਨਹੀਂ ਪਹੁੰਚ ਸਕਿਆ ਸੀ ।

18 ਸਤੰਬਰ ਦੀ ਰਾਤ ਨੂੰ ਹਰਸਿਮਰਨ ਸਿੰਘ ਸਾਡੇ ਕੋਲ ਗੁਰੂ ਨਾਨਕ ਨਿਵਾਸ ਪਹੁੰਚ ਗਿਆ । ਵਿਚਾਰ-ਵਟਾਂਦਰੇ ਕਰਨ ਤੋਂ ਬਾਦ ਪਾਰਟੀ ਨੇ ਗੁਰਬਚਨ ਸਿੰਘ ਦੀ ਥਾਂ ਸਤਿਨਾਮ ਸਿੰਘ ਨੂੰ ਮੇਰੇ ਨਾਲ ਭੇਜਣ ਦਾ ਫੈਸਲਾ ਕੀਤਾ ।

19 ਸਤੰਬਰ ਨੂੰ ਮੈਂ ਤੇ ਸਤਿਨਾਮ ਸਿੰਘ ਹਵਾਈ ਜਹਾਜ ਦੇ ਅੰਦਰੂਨੀ ਮਾਹੌਲ ਨੂੰ ਸਮਝਣ ਲਈ ਅੰਮ੍ਰਿਤਸਰ ਤੋਂ ਸ਼੍ਰੀਨਗਰ ਤਕ ਯਾਤਰਾ ਕੀਤੀ ।

ਹਵਾਈ ਸਫਰ ਦੇ ਤਜਰਬੇ ਤੋਂ ਬਾਦ ਇਹ ਰਾਏ ਬਣੀ ਕਿ ਸਫਲਤਾ ਨੂੰ ਯਕੀਨੀ ਬਣਾਉਣ ਲਈ ਰਿਵਾਲਵਰ ਜਾਂ ਕੋਈ ਹੋਰ ਮਾਰੂ ਹਥਿਆਰ ਜਹਾਜ਼ ਦੇ ਅੰਦਰ ਲਿਜਾਣ ਦੀ ਕੋਸ਼ਿਸ਼ ਨਾ ਕੀਤੀ ਜਾਵੇ ਪਰ ਕੁੱਝ ਹੋਰ ਸਾਥੀ ਨਾਲ ਸ਼ਾਮਿਲ ਕਰ ਲਏ ਜਾਣ । ਹੁਣ ਅਸੀਂ ਪੂਰੀ ਤਰ੍ਹਾਂ ਕਿਰਪਾਨਾਂ ਉਤੇ ਨਿਰਭਰ ਰਹਿਣ ਦਾ ਫੈਸਲਾ ਕੀਤਾ, ਜਿਸਨੂੰ ਅੰਦਰੂਨੀ ਉੜਾਨਾਂ ਵਿੱਚ ਨਾਲ ਲੈ ਜਾਣ ਦੀ ਇਜਾਜ਼ਤ ਸੀ । ਕਿਰਪਾਨਾਂ ਉਤੇ ਨਿਰਭਰ ਰਹਿਣ ਦਾ ਫੈਸਲਾ ਕਰਨ ਲਗਿਆਂ ਮੇਰੇ ਜ਼ਿਹਨ ਵਿੱਚ ਜਾਪਾਨ ਅਤੇ ਬੰਗਲਾ ਦੇਸ਼ ਦੀਆਂ ਚਾਕੂਆਂ ਨਾਲ ਹੋਈਆਂ ਹਾਈਜੈਕਿੰਗ ਦੀਆਂ ਦੋ ਸਫਲ ਕਾਰਵਾਈਆਂ ਸਨ ।

23 ਸਤੰਬਰ ਦੀ ਰਾਤ ਨੂੰ, ਮੈਂ ਆਪਣੇ ਇਕ ਸਾਥੀ ਨਾਲ ਅੰਮ੍ਰਿਤਸਰ ਤੋਂ ਮੋਹਾਲੀ ਲਈ ਰਵਾਨਾ ਹੋ ਗਿਆ । 24 ਸਤੰਬਰ ਦੀ ਸਵੇਰ ਨੂੰ ਦਿਨ ਚੜ੍ਹਨ ਤੋਂ ਪਹਿਲਾਂ ਹੀ ਅਸੀਂ ਮੋਹਾਲੀ ਪਹੁੰਚ ਗਏ, ਜਿੱਥੇ ਹਰਸਿਮਰਨ ਪਹਿਲਾਂ ਹੀ ਸਾਡੀ ਇੰਤਜ਼ਾਰ ਕਰ ਰਿਹਾ ਸੀ। ਸਾਥੀਆਂ ਵਜੋਂ ਸ. ਜਸਬੀਰ ਸਿੰਘ ਤੇ ਕਰਣ ਸਿੰਘ ਦੀ ਚੋਣ ਇੱਥੇ ਆ ਕੇ ਹੀ ਕੀਤੀ, ਤੇਜਿੰਦਰ ਪਾਲ ਸਿੰਘ ਬਾਰੇ ਫੈਸਲਾ ਪਹਿਲਾਂ ਅੰਮ੍ਰਿਤਸਰ ਵਿੱਚ ਹੀ ਕਰ ਲਿਆ ਗਿਆ ਸੀ।

ਦਿੱਲੀ ਦੇ ਹਵਾਈ ਅੱਡੇ ਤੋਂ ਸਫਰ ਸ਼ੁਰੂ ਕਰਨ ਲਗਿਆ ਕਿਰਪਾਨ ਨਾਲ ਲੈ ਕੇ ਜਾਣ ਸਬੰਧੀ ਕੋਈ ਪ੍ਰੇਸ਼ਾਨੀ ਪੇਸ਼ ਆਉਂਦੀ ਹੈ ਕਿ ਨਹੀਂ, ਇਹ ਜਾਣਨ ਲਈ ਅਸੀਂ ਹਰਸਿਮਰਨ ਸਿੰਘ ਨੂੰ ਦਿੱਲੀ ਤੋਂ ਅੰਮ੍ਰਿਤਸਰ ਤਜਰਬੇ ਵਜੋਂ ਸਫਰ ਲਈ ਭੇਜਿਆ ।

ਕਾਰਵਾਈ ਦੀ ਯੋਜਨਾ ਨੂੰ ਆਖਰੀ ਛੋਹ 27 ਸਤੰਬਰ ਨੂੰ ਦਿੱਤੀ ਗਈ । ਹੁਣ ਸਾਡਾ ਐਕਸ਼ਨ ਗਰੁੱਪ ਪੰਜ ਸਿੰਘਾਂ ਤੇ ਆਧਾਰਤ ਸੀ, ਜਿਸ ਵਿੱਚ ਮੇਰੇ ਨਾਲ ਸਤਿਨਾਮ ਸਿੰਘ, ਜਸਬੀਰ ਸਿੰਘ, ਤੇਜਿੰਦਰ ਪਾਲ ਸਿੰਘ ਤੇ ਕਰਣ ਸਿੰਘ ਸ਼ਾਮਿਲ ਸਨ ।

ਮੋਹਾਲੀ ਵਿੱਚ ਹੀ ਦਲ ਖ਼ਾਲਸਾ ਦੇ ਇਕ ਸਹਿਯੋਗੀ ਦੇ ਘਰ ਵਿੱਚ, ਮੇਰੀ, ਸਤਿਨਾਮ ਤੇ ਹਰਸਿਮਰਨ ਦੀ ਇਕ ਮੀਟਿੰਗ ਹੋਈ । ਇਸ ਮੀਟਿੰਗ ਵਿਚ ਦੋ ਮਹਤੱਵਪੂਰਣ ਫੈਸਲੇ ਲਏ ਗਏ । ਪਹਿਲੇ ਫੈਸਲੇ ਮੁਤਾਬਿਕ ਤਹਿ ਹੋਇਆ ਕਿ ਐਕਸ਼ਨ ਗਰੁੱਪ ਦੀ ਅਗਵਾਈ "ਗਜਿੰਦਰ ਸਿੰਘ" ਕਰੇਗਾ ਅਤੇ ਡਿਪਟੀ ਲੀਡਰ ਸਤਿਨਾਮ ਸਿੰਘ ਹੋਵੇਗਾ । ਦੂਜੇ ਫੈਸਲੇ ਮੁਤਾਬਿਕ 29 ਸਤੰਬਰ ਦੀ ਸ਼ਾਮ ਨੂੰ, ਕਾਰਵਾਈ ਦੀ ਸਫਲਤਾ ਤੋਂ ਬਾਦ ਮੈਂ ਲਾਹੌਰ ਏਅਰਪੋਰਟ ਉਤੇ ਅਤੇ ਹਰਸਿਮਰਨ ਸਿੰਘ ਨੇ ਗੁਰੂ ਨਾਨਕ ਨਿਵਾਸ ਅੰਮ੍ਰਿਤਸਰ ਵਿੱਚ ਪ੍ਰੈਸ ਕਾਨਫਰੰਸ ਕਰਨੀ ਸੀ । ਦੋਹਾਂ ਪ੍ਰੈਸ ਕਾਨਫਰੰਸਾਂ ਵਿੱਚ ਇਕੋ ਜਿਹੀਆਂ ਮੰਗਾਂ ਪੇਸ਼ ਕੀਤੀਆਂ ਜਾਣੀਆਂ ਸਨ।

ਮਿੱਥੇ ਹੋਏ ਪ੍ਰੋਗਰਾਮ ਮੁਤਾਬਿਕ, ਸਤਿਨਾਮ ਸਿੰਘ ਤੇ ਤੇਜਿੰਦਰ ਪਾਲ ਸਿੰਘ ਹਰਸਿਮਰਨ ਸਿੰਘ ਦੇ ਨਾਲ ਰਾਤ ਨੂੰ ਦਿੱਲੀ ਰਵਾਨਾ ਹੋ ਗਏ । ਦੂਜੇ ਦਿਨ, ਯਾਨੀ 28 ਸਤੰਬਰ ਨੂੰ, ਸਵੇਰੇ ਤਕਰੀਬਨ ਦੱਸ ਗਿਆਰਾਂ ਦੇ ਦਰਮਿਆਨ ਮੈਂ, ਜਸਬੀਰ ਸਿੰਘ ਅਤੇ ਕਰਣ ਸਿੰਘ ਨੂੰ ਨਾਲ ਲੈ ਕੇ ਦਿੱਲੀ ਲਈ ਰਵਾਨਾ ਹੋ ਗਿਆ । ਸ਼ਾਮ ਦੇ ਪੰਜ ਵਜੇ ਅਸੀਂ ਦਿੱਲੀ ਪਹੁੰਚ ਚੁੱਕੇ ਸਾਂ । ਨਿਰਧਾਰਿਤ ਪ੍ਰੋਗਰਾਮ ਮੁਤਾਬਿਕ, ਦੇਰ ਸ਼ਾਮ ਨੂੰ ਮੇਰੀ ਅਤੇ ਹਰਸਿਮਰਨ ਸਿੰਘ ਦੀ ਆਖਰੀ ਮੁਲਾਕਾਤ ਗੁਰਦਵਾਰਾ ਬੰਗਲਾ ਸਾਹਿਬ ਵਿੱਚ ਹੋਈ । ਅਸੀਂ ਜਜ਼ਬਾਤ ਨਾਲ ਭਰੇ ਹੋਏ ਇਕ ਦੂਜੇ ਨੂੰ ਗਲੇ ਮਿਲੇ ਤੇ ਆਖਰੀ ਫਤਿਹ ਬੁਲਾਈ, "ਜਿਉਂਦੇ ਰਹੇ ਤਾਂ ਫਿਰ



ਹਰਸਿਮਰਨ ਸਿੰਘ

## ਸ੍ਰੀ ਦਰਬਾਰ ਸਾਹਿਬ ਘੇਰੇ ਵਿਚ – ਇਕ ਖਬਰ

ਇੰਝ ਪਹਿਲੀ ਵਾਰ ਨਹੀਂ ਹੋਇਆ
ਇਥੇ ਹੱਲੇ ਹੁੰਦੇ ਰਹੇ ਨੇ।
ਘੇਰੇ ਵੀ ਪੈਂਦੇ ਰਹੇ ਨੇ।
ਤੇਗਾਂ ਚਲਦੀਆਂ ਰਹੀਆਂ ਨੇ
ਸਿਰ ਧੜ ਤੋਂ ਲਹਿੰਦੇ ਰਹੇ ਨੇ।
ਇੱਥੇ ਗੋਲੀਆਂ ਵਰ੍ਹਦੀਆਂ ਰਹੀਆਂ ਨੇ
ਇਥੇ ਲਹੂ ਡੁੱਲ੍ਹਦਾ ਰਿਹਾ ਹੈ।
ਐਪਰ ਪੰਥ ਗੁਰੂ ਦਾ
ਵੱਧਦਾ ਫੁੱਲਦਾ ਰਿਹਾ ਹੈ।
ਇਹ "ਪੂਜਾ-ਸਥੱਲ" ਨਹੀ ਹੈ
'ਗੁਰੂ ਦਾ ਦਵਾਰਾ' ਹੈ।
ਇਹ ਸ਼ਕਤੀ ਦਾ ਸੋਮਾ ਹੈ
ਸ਼ਾਤੀ ਦਾ ਮੁਨਾਰਾ ਹੈ।
ਗੁਰਬਾਣੀ ਦੀਆਂ ਲਹਿਰਾਂ ਸੰਗ
ਅੰਮ੍ਰਿਤ ਦਾ ਧਾਰਾ ਹੈ।
ਤੱਕ ਕੇ ਹਥਿਆਰਾਂ ਨੂੰ
ਹੈਰਾਨ ਕਿਉ ਹੁੰਦੇ ਹੋ,
ਸ਼ਸਤਰ ਸਾਡੀ ਆਨ ਹਨ
ਸ਼ਸਤਰ ਸਾਡੀ ਸ਼ਾਨ ਹਨ।
ਇਹ ਸਾਡੀ ਜਿੰਦ ਵੀ ਹਨ
ਇਹ ਸਾਡੀ ਜਾਨ ਵੀ ਹਨ।
ਅਸੀਂ ਟੱਲ ਖੜਕਾਉਂਦੇ ਨਹੀ
ਅਸੀ ਸੰਖ ਵਜਾਉਂਦੇ ਨਹੀ।
ਇਹ 'ਸੋਮ ਨਾਥ' ਨਹੀ
ਅਸੀ ਸੀਸ ਝੁਕਾਉਂਦੇ ਨਹੀਂ।
ਗੁਰਬਾਣੀ ਦੀਆਂ ਧੁਨਾਂ ਦੇ ਸੰਗ ਸੰਗ
ਇਥੇ ਗੋਲੀਆਂ ਕੜਕਦੀਆਂ ਰਹੀਆਂ ਨੇ
ਤੇ ਤੇਗਾਂ ਖੜਕਦੀਆਂ ਰਹੀਆਂ ਨੇ।
ਸਿਰ ਲਾਹੇ ਲੁਹਾਏ ਗਏ ਨੇ
ਸਿਰ ਤਲੀ ਤੇ ਟਿਕਾਏ ਗਏ ਨੇ
ਇਥੇ ਰਾਜ ਸਿਰਜੇ ਗਏ ਨੇ
ਇਥੇ ਰਾਜ ਉਲਟਾਏ ਗਏ ਨੇ।
ਇਥੇ ਗੋਲੀਆਂ ਵਰ੍ਹਦੀਆਂ ਰਹੀਆਂ ਨੇ
ਇੱਥੇ ਲਹੂ ਡੁੱਲ੍ਹਦਾ ਰਿਹਾ ਹੈ।
ਐਪਰ ਪੰਥ ਗੁਰੂ ਦਾ
ਵਧਦਾ ਫੁੱਲਦਾ ਇਹਾ ਹੈ।
ਇੰਝ ਪਹਿਲੀ ਵਾਰ ਨਹੀਂ ਹੋਇਆ।
* * *

ਮਿਲਾਂਗੇ" ।

ਦੂਜੀ ਸਵੇਰ ਅਸੀਂ ਬਿਨ੍ਹਾਂ ਕਿਸੇ ਵਿਸ਼ੇਸ਼ ਦਿੱਕਤ ਦੇ, ਦੋਵੇਂ ਗਰੁੱਪ ਵੱਖ-ਵੱਖ ਟਿਕਟਾਂ ਲੈ ਕੇ, ਕਿਰਪਾਨਾਂ ਸਮੇਤ ਸਕਿਉਰਟੀ ਚੈਕ-ਅਪ ਵਿੱਚੋਂ ਲੰਘ ਕੇ ਹਵਾਈ ਜਹਾਜ਼ ਵਿੱਚ ਪਹੁੰਚ ਗਏ ਸਾਂ । ਫਲਾਈਟ ਦਾ ਟਾਈਮ 11-30 ਦਾ ਸੀ, ਪਰ ਉਸ ਦਿਨ ਕੁਝ ਲੇਟ ਹੋ ਜਾਣ ਕਾਰਨ ਜਹਾਜ਼ ਨੇ ਦੁਪਹਿਰੇ 12-20 ਤੇ ਉੜਾਨ ਭਰੀ । ਹਵਾਈ ਜਹਾਜ਼ ਨੂੰ ਉੜਾਨ ਭਰਿਆਂ ਤਕਰੀਬਨ ਪੰਦਰਾਂ ਕੁ ਮਿੰਟ ਹੋਏ ਸਨ, ਕਿ ਮੈਂ ਮਿੱਥੇ ਹੋਏ ਪ੍ਰੋਗਰਾਮ ਮੁਤਾਬਕ ਆਪਣੀ ਸੀਟ ਤੋਂ ਉਠ ਕੇ ਕਾਕਪਿਟ ਦੀ ਪਿਛਲੀ ਟਾਇਲਟ ਵਿੱਚ ਚਲਾ ਗਿਆ । ਮੇਰੇ ਤੋਂ ਇੱਕ ਦੋ ਮਿੰਟ ਬਾਦ ਹੀ, ਜਸਬੀਰ ਸਿੰਘ ਵੀ ਆਪਣੀ ਸੀਟ ਤੋਂ ਉੱਠ ਕੇ ਟਾਇਲਟ ਦੇ ਬਾਹਰ ਆ ਖੜ੍ਹੇ ਹੋਏ।ਉਨ੍ਹਾਂ ਦੇ ਇੱਥੇ ਆ ਕੇ ਖੜ੍ਹਨ ਦਾ ਅਸਲ ਮਕਸਦ ਮੇਰੀ ਸਹਾਇਤਾ ਲਈ ਕਿਸੇ ਗੈਰ-ਬੰਦੇ ਨੂੰ ਕਾਕਪਿੱਟ ਵਿਚ ਵੜਨੋ ਡੱਕਣਾ ਸੀ । ਅਗਲੇ ਪਲ ਹੀ ਮੈਂ ਸੱਜੇ ਹੱਥ ਵਿੱਚ ਨੰਗੀ ਕਿਰਪਾਨ ਫੜੀ ਟਾਇਲਟ ਤੋਂ ਬਾਹ ਨਿਕਲਿਆ, ਤੇ ਖੱਬੇ ਹੱਥ ਨਾਲ ਕਾਕਪਿੱਟ ਦਾ ਹੈਂਡਲ ਘੁਮਾ ਕੇ, ਦਰਵਾਜ਼ਾ ਕੋਲ ਕੇ ਅੰਦਰ ਵੜ੍ਹ ਗਿਆ । ਇਹ ਸੱਭ ਕੁੱਝ ਇੰਨੀ ਤੇਜ਼ੀ ਨਾਲ ਹੋਇਆ ਕਿ ਕਿਸੇ ਨੂੰ ਕੁੱਝ ਪਤਾ ਹੀ ਨਹੀ ਲੱਗਾ, ਕੇਵਲ ਸਾਹਮਣੇ ਖੜ੍ਹੀ ਇੱਕ ਏਅਰ ਹੋਸਟੈਸ ਨੇ ਮੈਨੂੰ ਨੋਟ ਕੀਤਾ ਅਤੇ ਮੇਰੇ ਵੱਲ ਵੱਧਣ ਦੀ ਕੋਸ਼ਿਸ਼ ਕੀਤੀ ਪਰ ਜਸਬੀਰ ਸਿੰਘ ਨੇ ਕਿਰਪਾਨ ਨਾਲ ਹੱਥ ਅੱਗੇ ਵਧਾ ਕੇ ਉਸ ਨੂੰ ਉਥੇ ਹੀ ਰੋਕ ਦਿੱਤਾ । ਮੇਰੇ ਪਿੱਛੋਂ ਜਸਬੀਰ ਸਿੰਘ ਵੀ ਫੌਰੀ ਤੌਰ ਤੇ ਕਾਕਪਿੱਟ ਦੇ ਅੰਦਰ ਆ ਗਏ । ਹੁਣ ਮੈਂ ਕਾਕਪਿੱਟ ਵਿੱਚ ਸੱਜੇ ਪਾਸੇ ਵਾਲੇ ਪਾਇਲਟ ਦੇ ਪਿੱਛੇ ਖੜ੍ਹਾਂ ਸਾਂ, ਤੇ ਜਸਬੀਰ ਸਿੰਘ ਸੱਜੇ ਪਾਸੇ ਵਾਲੇ ਦੇ, ਤੇ ਸਾਡੇ ਦੋਹਾਂ ਦੇ ਹੱਥਾਂ ਵਿੱਚ ਨੰਗੀਆਂ ਕਿਰਪਾਨਾਂ ਸਨ ।

ਮੈਂ ਪਾਇਲਟ ਦੀ ਧੌਣ ਉਤੇ ਕਿਰਪਾਨ ਰੱਖਦੇ ਹੋਏ ਕਿਹਾ "ਅਸੀਂ ਇਹ ਜਹਾਜ਼ ਹਾਈਜੈਕ ਕਰਕੇ ਲਾਹੌਰ ਲਿਜਾਣਾ ਚਾਹੁੰਦੇ ਹਾਂ ਅਤੇ ਅਸੀਂ ਇਹ ਕਾਰਵਾਈ ਸੰਤ ਜਰਨੈਲ ਸਿੰਘ ਭਿੰਡਰਾਵਾਲਿਆਂ ਦੀ ਗ੍ਰਿਫਤਾਰੀ ਤੇ ਚੌਕ ਮਹਿਤਾ ਵਿੱਚ ਹੋਏ ਸਿੰਘਾਂ ਦੇ ਕਤਲੇਆਮ ਵਿਰੁੱਧ ਰੋਸ ਵਜੋਂ ਕਰ ਰਹੇ ਹਾਂ । ਸਾਡੇ ਅਨੇਕਾਂ ਭਰਾ ਸ਼ਹੀਦ ਹੋ ਚੁੱਕੇ ਹਨ ਤੇ ਸਾਨੂੰ ਵੀ ਆਪਣੀ ਜ਼ਿੰਦਗੀ ਦੀ ਕੋਈ ਪ੍ਰਵਾਹ ਨਹੀਂ ਹੈ । ਜਹਾਜ਼ ਉਤਰੇਗਾ ਤਾਂ ਸਿਰਫ ਲਾਹੌਰ ਉਤਰੇਗਾ, ਨਹੀਂ ਤਾਂ ਕਿਧਰੇ ਨਹੀਂ ਉਤਰੇਗਾ।" ਮੇਰੇ ਇਹ ਲਫਜ਼ ਆਪਣਾ ਪ੍ਰਭਾਵ ਛੱਡਣ ਵਿੱਚ ਕਾਮਯਾਬ ਰਹੇ, ਪਾਇਲਟ ਅਤੇ ਸਾਥੀ-ਪਾਇਲਟ ਨੇ ਇਕ ਘੜੀ ਬੇਬੱਸ ਨਜ਼ਰਾਂ ਨਾਲ ਇੱਕ ਦੂਜੇ ਵੱਲ ਦੇਖਿਆ ਅਤੇ ਸਹਿਮਤੀ ਪ੍ਰਗੱਟ ਕਰਦਿਆਂ ਮੇਰੇ ਤੋਂ ਲਾਹੌਰ ਏਅਰ ਪੋਰਟ ਦੇ ਕੰਟਰੋਲ ਟਾਵਰ ਨਾਲ ਗੱਲ ਕਰਨ ਦੀ ਇਜਾਜ਼ਤ ਮੰਗੀ ।

ਜਦੋਂ ਜਹਾਜ਼ ਲਾਹੌਰ ਦੇ ਰਾਹ ਪੈ ਗਿਆ ਤਾਂ ਮੈਂ ਇਸ ਦੀ ਜਾਣਕਾਰੀ ਆਪਣੇ ਸਾਥੀਆਂ ਤੇ ਮੁਸਾਫਰਾਂ ਨੂੰ ਦੇਣ ਲਈ ਕਾਕਪਿੱਟ ਤੋਂ ਬਾਹਰ ਆਇਆ । ਬਾਹਰ ਸਤਿਨਾਮ ਸਿੰਘ, ਤੇਜਿੰਦਰ ਪਾਲ ਸਿੰਘ ਤੇ ਕਰਨ ਸਿੰਘ ਹੱਥਾਂ ਵਿੱਚ ਕਿਰਪਾਨਾਂ ਫੜ੍ਹੀ 'ਖ਼ਾਲਿਸਤਾਨ ਜ਼ਿੰਦਾਬਾਦ, ਸੰਤ ਭਿੰਡਰਾਂਵਾਲੇ ਜ਼ਿੰਦਾਬਾਦ ਤੇ ਦਲ ਖ਼ਾਲਸਾ ਜ਼ਿੰਦਾਬਾਦ' ਦੇ ਨਾਹਰੇ ਮਾਰ ਰਹੇ ਸਨ । ਇਹ ਤਿੰਨੇ ਸਾਡੇ ਕਾਕਪਿੱਟ ਵਿੱਚ ਦਾਖਲ ਹੋਣ ਤੋਂ ਫੌਰਨ ਬਾਦ ਆਪਣੀਆਂ ਸੀਟਾਂ ਤੋਂ ਉੱਠ ਖੜ੍ਹੇ ਹੋਏ ਸਨ ਅਤੇ ਨਾਅਰੇ ਮਾਰਦਿਆਂ ਨੇ ਕੈਬਿਨ ਵਿੱਚ ਆਪਣੀਆਂ ਪੋਜ਼ੀਸ਼ਨਾਂ ਸੰਭਾਲ ਲਈਆਂ ਸਨ । ਮੈਂ ਸਤਿਨਾਮ ਸਿੰਘ ਨੂੰ ਥੋੜੇ ਲਫਜ਼ਾਂ ਵਿੱਚ ਗੱਲ ਦਸ ਕੇ ਕਾਕਪਿੱਟ ਵਿੱਚ ਆਪਣੀ ਥਾਂ ਤੇ ਭੇਜਿਆ ਅਤੇ ਸਵਾਰੀਆਂ ਨੂੰ ਸੰਬੋਧਨ ਹੋ ਕੇ ਹਵਾਈ ਜਹਾਜ਼ ਹਾਈਜੈਕ ਹੋ ਜਾਣ ਬਾਰੇ ਅਤੇ ਅਗਲੇ ਕੁੱਝ ਮਿੰਟਾਂ ਬਾਦ ਲਾਹੌਰ ਉਤਰਨ ਬਾਰੇ ਦਸਿਆ । ਸਵਾਰੀਆਂ ਨੂੰ ਸੰਬੋਧਨ ਹੋ ਕੇ ਕਹੇ ਮੇਰੇ ਲਫਜ਼, ਜੋ ਅੱਜ ਤੱਕ ਮੈਨੂੰ ਯਾਦ ਹਨ, ਕੁੱਝ ਇਸ ਤਰ੍ਹਾਂ ਸਨ, "ਮੇਰਾ ਨਾਮ ਗਜਿੰਦਰ ਸਿੰਘ ਹੈ । ਇਹ ਜਹਾਜ਼ ਦਲ ਖ਼ਾਲਸਾ ਵੱਲੋਂ ਹਾਈਜੈਕ ਕੀਤਾ ਜਾ



ਕਰਨ ਸਿੰਘ(ਸਵਿਟਜ਼ਰਲੈਂਡ)

## ਮੋਹ ਦੀਆਂ ਤੰਦਾਂ

ਮੋਹ ਦੀਆਂ ਤੰਦਾਂ ਮੈਂ ਵੱਢ ਆਇਆ ਹਾਂ
ਬਹੁਤ ਕੁਝ ਯਾਰੋ ਮੈਂ ਛੱਡ ਆਇਆ ਹਾਂ।
ਖਬਰ ਸੀ "ਹਾਈਜੈਕਰ ਗਜਿੰਦਰ ਸਿੰਘ ਕਾ
ਵਾਲਿਦ ਗ੍ਰਿਫਤਾਰ।"
ਐ ਮੇਰੇ ਬਜੁਰਗਵਾਰ
ਤੁਸੀ ਵੀ ਸੀਖਾਂ ਦੇ ਪਾਰ
ਤੇ ਮੈਂ ਵੀ ਸੀਖਾਂ ਦੇ ਪਾਰ।
ਤੁਸੀ ਸਰਹੱਦ ਦੇ ਉਸ ਪਾਰ
ਤੇ ਮੈਂ ਸਰਹੱਦ ਦੇ ਇਸ ਪਾਰ।
ਮੈਨੂੰ ਖਿਆਲ ਹੈ ਤੁਹਾਡੇ ਬਜੁਰਗ ਸਾਹਾਂ ਦਾ
ਸਿਲ੍ਹਾ ਜੋ ਮਿਲ ਰਿਹੈ ਤੁਹਾਨੂੰ ਮੇਰੇ ਰਾਹਾਂ ਦਾ।
ਮੇਰੀ ਇਕ ਮਾਂ ਹੈ
ਜਿਸ ਦੀ ਬੜੀ ਠੰਡੀ ਤੇ ਮਿਠੀ ਛਾਂ ਹੈ।
ਜਦੋਂ ਮੈਂ ਬੂਹੇ ਨੂੰ ਟੱਪਣ ਲਗਣਾ
ਉਸ ਕਹਿਣਾ ਅਰਦਾਸ ਕਰ ਕੇ ਜਾ
ਗੁਰੂ ਤੇਰੇ ਅੰਗ ਸੰਗ ਰਹੇਗਾ
ਤੈਨੂੰ ਲਗੇ ਨਾ ਤੱਤੀ ਵਾ।
ਮਾਂ ਕਹਿੰਦੀ ਸੀ "ਜਨਨੀ ਜਣੇ ਤਾਂ
ਭਗਤ ਜਨ, ਕੈ ਦਾਤਾ ਕੈ ਸੂਰ"
ਸੁੱਖਾਂ ਵੀ ਮੰਗਦੀ ਹੋਵੇਗੀ ਮਾਏਂ
ਮਾਣ ਵੀ ਕਰਦੀ ਹੋਵੇਗੀ ਜ਼ਰੂਰ।
ਮੇਰੀ ਮਾਂ, ਮਾਂ ਵੀ ਹੈ, ਮਿੱਤਰ ਵੀ ਹੈ
ਉਸਦਾ ਰੁੱਸਣਾ ਉਸ ਦਾ ਮੰਨ ਜਾਣਾ
ਕਦੇ ਕਦੇ ਲੋਰ ਵਿਚ
ਚਿੜੀਆ ਦਾ ਚੰਬਾ ਗਾਣਾ।
ਉਹ ਮਹਿਬੂਬਾ ਤੋਂ ਵੱਧ ਕੇ ਯਾਦ ਆਉਦੀ ਹੈ
ਯਾਦ ਉਸ ਦੀ ਸੀਨੇ 'ਚ ਠੰਡ ਪਾਉਦੀ ਹੈ।
ਉਥੇ ਭੈਣਾਂ ਭਰਾਵਾਂ ਦੀ
ਇਕ ਦੁਨੀਆਂ ਵੀ ਹੈ
ਕਦੇ ਕੋਈ ਰੁੱਸਦਾ ਹੈ
ਕਦੇ ਮੰਨ ਜਾਂਦਾ ਹੈ।
ਕੋਈ ਆਂਦਾ ਹੈ
ਕੋਈ ਜਾਂਦਾ ਹੈ।
ਇਕ ਰੁੱਸੀ ਹੋਈ ਹਮਸ਼ੀਰਾ ਹੈ
ਮੇਰਾ ਇਕ ਪਿਆਰਾ ਵੀਰਾ ਹੈ
ਇਕ ਉਸ ਤੋਂ ਛੋਟੀ ਮੋਹਣੀ ਹੈ
ਮਾਂ ਅੱਜ ਕੱਲ ਉਸ ਨਾਲ ਰੁੱਸੀ ਹੈ
ਅਤੇ ਉਸ ਨਾਲ ਰਹਿੰਦੀ ਲੜਦੀ ਹੈ
ਪਰ ਅੰਦਰੋਂ ਪਿਆਰ ਵੀ ਕਰਦੀ ਹੈ।
ਸੱਤ ਪੁੱਤਾਂ ਵਰਗੀ ਧੀ ਹੈ

ਚੁੱਕਾ ਹੈ ਅਤੇ ਇਸ ਵੇਲੇ ਲਾਹੌਰ ਜਾ ਰਿਹਾ ਹੈ । ਅਸੀਂ ਇਹ ਹਾਈਜੈਕਿੰਗ ਸੰਤ ਜਰਨੈਲ ਸਿੰਘ ਜੀ ਦੀ ਗ੍ਰਿਫਤਾਰੀ ਅਤੇ ਚੌਂਕ ਮਹਿਤਾ ਵਿੱਚ ਸਿੰਘਾਂ ਦੇ ਹੋਏ ਕਤਲੇਆਮ ਵਿਰੁੱਧ ਰੋਸ ਵਜੋਂ ਕੀਤੀ ਹੈ । ਅਸੀਂ ਹਿੰਦੁਸਤਾਨ ਸਰਕਾਰ ਵੱਲੋਂ ਸਿੱਖਾਂ ਤੇ ਹੋ ਰਹੇ ਤਸ਼ਦੱਦ ਨੂੰ ਦੁਨੀਆਂ ਸਾਹਮਣੇ ਨੰਗਾ ਕਰਨਾ ਚਾਹੁੰਦੇ ਹਾਂ । ਇਹ ਹਾਈਜੈਕਿੰਗ ਧਰਮ ਦੇ ਜਜ਼ਬੇ ਹੇਠ ਕੀਤੀ ਗਈ ਹੈ ਅਤੇ ਅਸੀਂ ਕਿਸੇ ਦਾ ਕੋਈ ਨੁਕਸਾਨ ਨਹੀਂ ਕਰਨਾ ਚਾਹੁੰਦੇ । ਕੋਈ ਬੇਲੋੜੀ ਦਲੇਰੀ ਦਾ ਮੁਜ਼ਾਹਰਾ ਕਰਨ ਦੀ ਕੋਸ਼ਿਸ਼ ਨਾ ਕਰੇ, ਨਹੀਂ ਤਾਂ ਨੁਕਸਾਨ ਦੀ ਜ਼ਿੰਮੇਵਾਰੀ ਸਾਡੀ ਨਹੀਂ ਹੋਵੇਗੀ ।"

ਇਸ ਸੰਬੋਧਨ ਤੋਂ ਬਾਦ ਮੈਂ ਫਿਰ ਕਾਕਪਿੱਟ ਵਿੱਚ ਚਲਾ ਗਿਆ ਅਤੇ ਸਤਿਨਾਮ ਸਿੰਘ ਨੂੰ ਬਾਹਰ ਕੇਬਿਨ ਵਿੱਚ ਭੇਜ ਦਿੱਤਾ । ਹੁਣ ਸਾਡਾ ਜਹਾਜ਼ ਲਾਹੌਰ ਸ਼ਹਿਰ ਦੇ ਉੱਪਰ ਪਹੁੰਚ ਚੁੱਕਾ ਸੀ, ਲਾਹੌਰ ਏਅਰ ਪੋਰਟ ਦੇ ਕੰਟਰੋਲ ਟਾਵਰ ਤੋਂ ਬਾਰ-ਬਾਰ ਉਤਰਨ ਦੀ ਇਜਾਜ਼ਤ ਮੰਗਣ ਦਾ ਕਾਰਨ ਪੁਛਿਆ ਜਾ ਰਿਹਾ ਸੀ, ਅਤੇ ਪਾਇਲਟ ਜਵਾਬ ਵਿੱਚ ਮੁੜ ਮੁੜ ਇਹੀ ਦੁਹਰਾਈ ਜਾ ਰਿਹਾ ਸੀ ਕਿ ਕੋਈ ਮਜਬੂਰੀ ਹੈ । ਇਸੇ ਹੀ ਤਰ੍ਹਾਂ ਸਵਾਲ-ਜਵਾਬ ਦੇ ਚੱਲ੍ਹਦੇ-ਚੱਲ੍ਹਦੇ ਬਿਨਾਂ ਕਿਸੇ ਸਪਸ਼ਟ ਇਜਾਜ਼ਤ ਦੇ, ਪਾਇਲਟ ਨੇ ਲਾਹੌਰ ਹਵਾਈ ਅੱਡੇ ਦੀ ਇੱਕ ਖਾਲੀ ਪਟੜੀ ਤੇ ਜਹਾਜ਼ ਉਤਾਰ ਦਿੱਤਾ । ਜਹਾਜ਼ ਦੇ ਪਟੜੀ ਨੂੰ ਛੂਹੰਦੇ ਹੀ, ਕੇਬਿਨ ਵਿੱਚੋਂ ਆ ਰਹੀ ਨਾਅਰਿਆਂ ਦੀ ਆਵਾਜ਼ ਹੋਰ ਉੱਚੀ ਹੋ ਗਈ ਅਤੇ ਇਸ ਤਰ੍ਹਾਂ ਦਲ ਖ਼ਾਲਸਾ ਦੇ ਪੰਝ ਜੁਝਾਰੂ ਖ਼ਾਲਿਸਤਾਨ ਦਾ ਸੁਨੇਹਾ ਦੁਨੀਆਂ ਭਰ ਦੇ ਲੋਕਾਂ ਨੂੰ ਪਹੁੰਚਾਣ ਲਈ ਹਿੰਦੁਸਤਾਨ ਦਾ ਹਵਾਈ ਜਹਾਜ਼ ਲੈ ਕੇ ਲਾਹੌਰ ਪਹੁੰਚ ਗਏ ।

ਜਹਾਜ਼ ਦੇ ਲਾਹੌਰ ਪਹੁੰਚਣ ਤੋਂ ਕੁੱਝ ਮਿੰਟ ਬਾਦ ਮੈਂ ਪਾਇਲਟ ਨੂੰ ਕੰਟਰੋਲ ਟਾਵਰ ਨਾਲ ਮੇਰੀ ਸਿੱਧੀ ਗੱਲ ਕਰਵਾਨ ਲਈ ਕਿਹਾ, ਜੋ ਉਸ ਨੇ ਫੌਰਨ ਕਰਵਾ ਦਿੱਤੀ । ਮੈਂ ਕੰਟਰੋਲ ਟਾਵਰ ਤੇ ਗੱਲ ਕਰ ਰਹੇ ਅਧਿਕਾਰੀ ਨੂੰ ਆਪਣੀ ਪਹਿਚਾਣ ਦਸੀ ਅਤੇ ਹਾਈਜੈਕਿੰਗ ਦੇ ਮਕਸਦ ਬਾਰੇ ਦਸਿਆ ਅਤੇ ਪਾਕਿਸਤਾਨ ਹਕੂਮੱਤ ਦੇ ਕਿਸੇ ਉੱਚ ਅਧਿਕਾਰੀ ਨਾਲ ਗੱਲ ਕਰਨ ਦੀ ਇੱਛਾ ਪ੍ਰਗਟ ਕੀਤੀ । ਇਸ ਗੱਲਬਾਤ ਤੋਂ ਕੁੱਝ ਦੇਰ ਬਾਦ ਕੰਟਰੋਲ ਟਾਵਰ ਨੇ ਦੁਬਾਰਾ ਮੇਰੇ ਨਾਲ ਰਾਬਤਾ ਕਾਇਮ ਕੀਤਾ ਅਤੇ ਦਸਿਆ ਕਿ ਇੱਕ ਲਾਲ ਰੰਗ ਦੀ ਕਾਰ ਵਿੱਚ ਦੋ ਅਧਿਕਾਰੀ ਮੇਰੇ ਨਾਲ ਗੱਲ ਕਰਨ ਲਈ ਆ ਰਹੇ ਹਨ । ਸੁਨੇਹਾ ਮਿਲਣ ਤੋਂ ਕੁੱਝ ਮਿੰਟ ਬਾਦ ਹੀ, ਮੈਨੂੰ ਜਹਾਜ਼ ਦੀ ਕਾਕਪਿੱਟ ਦੇ ਸ਼ੀਸ਼ੇ ਵਿੱਚੋਂ ਇੱਕ ਲਾਲ ਰੰਗ ਦੀ ਛੋਟੀ ਜਿਹੀ ਕਾਰ ਆਉਂਦੀ ਦਿਖਾਈ ਦਿੱਤੀ, ਜੋ ਜਹਾਜ਼ ਦੇ ਸੱਜੇ ਪਾਸੇ ਥੋੜੀ ਦੂਰ ਆ ਕੇ ਖੜੀ ਹੋ ਗਈ । ਕਾਰ ਵਿੱਚੋਂ ਦੋ ਵਿਅਕਤੀ ਨਿਕਲੇ । ਮੈਂ ਉਨ੍ਹਾਂ ਅਧਿਕਾਰੀਆਂ ਨੂੰ ਮਿਲਣ ਚਲਾ ਗਿਆ । ਮੈਂ ਆਪਣੀ ਪਹਿਚਾਣ ਕਰਵਾਈ ਅਤੇ ਫਿਰ ਹਾਈਜੈਕਿੰਗ ਦੇ ਮਕਸਦ ਬਾਰੇ ਦਸਿਆ । ਉਨ੍ਹਾਂ ਅਧਿਕਾਰੀਆਂ ਨੇ ਪ੍ਰੈਸ ਨੂੰ ਰਲੀਜ਼ ਕਰਨ ਲਈ ਸਾਡੀਆਂ ਮੰਗਾਂ ਬਾਰੇ ਪੁਛਿਆ । ਮੰਗਾਂ ਮੈਂ ਇਹਨਾਂ ਨੂੰ ਉਹੀ ਨੋਟ ਕਰਵਾਈਆਂ, ਜਿਨ੍ਹਾਂ ਬਾਰੇ ਅਸੀਂ ਮੋਹਾਲੀ ਤੋਂ ਫੈਸਲਾ ਕਰ ਕੇ ਚੱਲੇ ਸੀ।

ਪਹਿਲੀ ਮੰਗ ਸੀ, ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਤੇ ਖ਼ਾਲਿਸਤਾਨ ਦੇ ਹੋਰ ਹਾਮੀਆਂ ਦੀ ਰਿਹਾਈ, ਅਤੇ ਦੂਜੀ ਮੰਗ ਸੀ, ਮਹਿਤਾ ਚੌਂਕ ਵਿੱਚ ਸ਼ਹੀਦ ਕੀਤੇ ਗਏ ਸਿੰਘਾਂ ਦੇ ਪਰਿਵਾਰਾਂ ਨੂੰ ਪੰਜ-ਪੰਜ ਲੱਖ ਅਮਰੀਕਨ ਡਾਲਰ ਮੁਆਵਜ਼ਾ ਅਦਾ ਕਰਨਾ ।

ਇਨ੍ਹਾਂ ਮੰਗਾਂ ਦਾ ਸਬੰਧ ਭਾਰਤ ਸਰਕਾਰ ਨਾਲ ਸੀ, ਇਨ੍ਹਾਂ ਤੋਂ ਇਲਾਵਾ ਮੈਂ ਪਾਕਿਸਤਾਨੀ ਅਧਿਕਾਰੀਆਂ ਕੋਲੋਂ ਲਾਹੌਰ ਏਅਰਪੋਰਟ ਤੇ ਪ੍ਰੈਸ ਕਾਨਫਰੰਸ ਕਰਨ ਦੀ ਇਜਾਜ਼ਤ ਮੰਗੀ। ਮੇਰੇ ਨਾਲ ਹੋਈ ਇਹ ਸਾਰੀ ਗੱਲ ਬਾਤ, ਦੋਹਾਂ ਵਿੱਚੋਂ ਲੰਮੇ ਕੱਦ ਵਾਲਾ ਅਧਿਕਾਰੀ ਆਪਣੀ ਡਾਇਰੀ ਵਿੱਚ ਨੋਟ ਕਰਦਾ ਗਿਆ ਅਤੇ ਫਿਰ ਦੋਵੇਂ ਇਹ



ਡਾ. ਤੇਜਿੰਦਰ ਪਾਲ ਸਿੰਘ

ਅਤੇ ਪਾਤਰ ਇੱਜਤ ਦੀ ਹੈ।
ਮੈਥੋਂ ਇਕ ਛੋਟਾ ਵੀਰਾ ਹੈ
ਉਹ ਯਾਰਾਂ ਵਾਂਗੂੰ ਯਾਰ ਵੀ ਹੈ
ਤੇ ਬੱਚਿਆਂ ਵਾਂਗੂੰ ਪਿਆਰਾ ਹੈ।
ਉਸਦੇ ਨਿੱਕੇ ਨਿੱਕੇ ਮੋਢਿਆਂ ਤੇ
ਮੈਂ ਬੋਝਾ ਸੁਟਿਆ ਭਾਰਾ ਹੈ।
ਸਾਡੀ ਇਹ ਘਰ ਦੀ ਦੁਨੀਆਂ ਦਾ
ਉਹਦੇ ਤੇ ਜ਼ਿੰਮਾ ਸਾਰਾ ਹੈ।
ਇਕ ਸਭ ਤੋਂ ਵੱਡਾ ਵੀਰਾ ਹੈ
ਜੋ ਮਾਂ ਮੇਰੀ ਦਾ ਜਾਇਆ ਨਹੀ
ਮੇਰੇ ਸੀਨੇ ਦਾ ਨਹੀਂ ਜਖਮ ਕੋਈ
ਉਸ ਜਿਸ ਦਾ ਦਰਦ ਵੰਡਾਇਆ ਨਹੀ।
ਸਾਡੀ ਇਕ ਨਿੱਕੀ ਭੋਲੀ ਹੈ
ਜਿਹੜੀ ਨਿਰੀ ਬਾਰੂਦ ਦੀ ਗੋਲੀ ਹੈ।
ਉਹ ਪਿਆਰ ਵੀ ਡਾਢਾ ਕਰਦੀ ਹੈ।
ਜੇ ਲੜੇ ਤਾਂ ਡਾਢਾ ਲੜਦੀ ਹੈ।
ਮੇਰੀ ਬੱਚੀ ਹੈ ਮੇਰੀ ਧੀ ਹੈ
ਉਹਦੇ ਨਾਂ 'ਵਸੀਅਤ' ਵੀ ਹੈ।
ਇਕ ਨਾ-ਸਮਝ ਪਤਨੀ ਵੀ ਹੈ
ਜੋ ਦਿਲ ਤੋਂ ਭਾਵੇ ਮਾੜੀ ਨਹੀਂ
ਮੈਂ ਕੁੱਝ ਨਹੀਂ ਉਸ ਲਈ ਕਰ ਸਕਿਆ
ਉਹਦੀ ਝੋਲੀ ਨਾ ਖੁਸ਼ੀਆਂ ਧਰ ਸਕਿਆ।
ਮੈਂ ਮੰਨਦਾ ਹਾਂ ਉਹਦਾ ਦੋਸ਼ੀ ਹਾਂ
ਮੈਂ ਫਰਜ ਨਾ ਪੂਰਾ ਕਰ ਸਕਿਆ।
ਮੈਂ ਪਿਛੇ ਛੱਡ ਕੇ ਆਇਆਂ
ਨਿੱਕੀ ਜਿਹੀ ਪਿਆਰੀ ਜਿਹੀ ਬੱਚੀ
ਉਸਦੀ ਸੂਰਤ ਮੈਂ ਸਫਿਆਂ ਤੇ ਘੜ ਨਹੀਂ ਸਕਦਾ।
ਉਸੇ ਬੋਲ ਯਾਦਾਂ ਤੋਂ ਫੜ ਨਹੀਂ ਸਕਦਾ।
ਉਹ ਤਾਂ ਸਿਰਫ ਹੱਸਦੀ ਸੀ ਜਾਂ ਰੋਂਦੀ ਸੀ
ਕਦੇ ਜਾਗਦੀ ਸੀ ਤੇ ਕਦੇ ਸੌਂਦੀ ਸੀ
ਬੱਸ ਇੰਨਾਂ ਯਾਦ ਹੈ ਕਿ ਬੜੀ ਪਿਆਰੀ ਸੀ
ਪੰਜ ਮਹੀਨੇ ਦੀ ਵਿਚਾਰੀ ਸਾਰੀ ਸੀ।
ਘਰ ਦੇ ਇਸ ਵਿਹੜੇ ਤੋਂ
ਅੱਜ ਬਹੁਤ ਦੂਰ ਹਾਂ ਯਾਰੋ
''ਹਾਈਜੈਕਰ' ਮਸ਼ਹੂਰ ਹਾਂ ਯਾਰੋ।
ਵੀਰਾਂ ਦੇ ਡੁੱਲ੍ਹੇ ਲਹੂ ਨੂੰ ਪ੍ਰਣਾਮ ਕੀਤਾ ਹੈ
'ਕੇਸਰੀ' ਤੈਨੂੰ ਸਲਾਮ ਕੀਤਾ ਹੈ।
ਨਵਾਂ ਨਾਤਾ ਬਣਾਨ ਆਏ ਹਾਂ
ਅੱਲਾ ਵਾਲਿਆਂ ਨਾਲ ਹੱਥ ਮਿਲਾਣ ਆਏ ਹਾਂ।
ਮੋਹ ਦੀਆਂ ਤੰਦਾ ਮੈਂ ਵੱਢ ਆਇਆ ਹਾਂ
ਬਹੁਤ ਕੁਝ ਯਾਰੋ ਮੈਂ ਛੱਡ ਆਇਆ ਹਾਂ।
* * *

ਵਾਅਦਾ ਕਰਕੇ ਚੱਲੇ ਗਏ ਕਿ ਭਾਰਤ ਸਰਕਾਰ ਵਾਲੀਆਂ ਮੰਗਾਂ, ਉਹ ਪ੍ਰੈਸ ਨੂੰ ਰਲੀਜ਼ ਕਰ ਦੇਣਗੇ। ਉੱਚੇ ਲੰਮੇ ਕੱਦ ਵਾਲਾ ਅਧਿਕਾਰੀ ਲਾਹੌਰ ਡਵੀਜ਼ਨ ਦਾ ਕਮਿਸ਼ਨਰ ਉਮਰ ਖਾਨ ਆਫਰੀਦੀ ਸੀ, ਅਤੇ ਛੋਟੇ ਕੱਦ ਵਾਲਾ ਡਿਪਟੀ ਮਾਰਸ਼ਲ ਲਾਅ ਐਡਮਨਿਸਟਰੇਟਰ ਬ੍ਰਿਗੇਡੀਅਰ ਮੁਹੰਮਦ ਆਮੀਨ ਬੱਟ ਸੀ । ਮੈਂ ਜਹਾਜ਼ ਵਿੱਚ ਵਾਪਿਸ ਆ ਕੇ ਸਤਿਨਾਮ ਤੇ ਬਾਕੀ ਸਾਥੀਆਂ ਨੂੰ ਹੋਈ ਗੱਲਬਾਤ ਦੀ ਜਾਣਕਾਰੀ ਦਿੱਤੀ ।

ਇਸ ਪਹਿਲੀ ਮੁਲਾਕਾਤ ਤੋਂ ਬਾਦ ਇਹ ਦੋਹਵੇਂ ਅਧਿਕਾਰੀ ਹਰ ਥੋੜੇ-ਥੋੜੇ ਵਕਫੇ ਬਾਦ ਮਿਲਣ ਆਉਂਦੇ ਰਹੇ । ਸ਼ਾਮ ਕੁ ਵੇਲੇ ਕਾਕਪਿੱਟ ਵਿੱਚ ਪਾਇਲਟ ਰਾਹੀਂ ਇੰਡੀਆ ਤੋਂ ਸਿੱਧਾ ਸੁਨੇਹਾ ਆਇਆ ਕਿ ਹਿੰਦ ਸਰਕਾਰ ਦਾ ਨੁਮਾਇੰਦਾ ਮਿਸਟਰ ਨਟਵਰ ਸਿੰਘ ਸਾਡੇ ਨਾਲ ਗੱਲ ਕਰਨੀ ਚਾਹੁੰਦਾ ਹੈ । ਮੈਂ ਗੱਲ ਕਰਨੋ ਇਨਕਾਰ ਕਰ ਦਿੱਤਾ । ਇਸ ਤੋਂ ਕੁੱਝ ਦੇਰ ਬਾਦ ਆਫਰੀਦੀ ਸਾਹਿਬ ਨਟਵਰ ਸਿੰਘ ਨਾਲ ਮੁਲਾਕਾਤ ਲਈ ਸੁਨੇਹਾ ਲੈ ਕੇ ਆ ਗਏ, ਮੈਂ ਫਿਰ ਨਾ ਕਰ ਦਿੱਤੀ । ਹਨ੍ਹੇਰਾ ਪੈਣ ਤੋਂ ਬਾਦ ਆਫਰੀਦੀ ਸਾਹਬ ਫਿਰ ਇਕ ਵਾਰ ਨਟਵਰ ਸਿੰਘ ਦਾ ਸੁਨੇਹਾ ਲੈ ਕੇ  ਆਏ । ਇਸ ਵਾਰ ਮੈਂ ਸਤਿਨਾਮ ਸਿੰਘ ਤੇ ਬਾਕੀ ਸਾਥੀਆਂ ਨਾਲ ਸਲਾਹ ਕਰਕੇ ਹਾਂ ਕਰ ਦਿੱਤੀ । ਰਾਤ ਅੱਠ ਵੱਜੇ ਦਾ ਵਕਤ ਮੁਲਾਕਾਤ ਲਈ ਤਹਿ ਹੋਇਆ। ਰਾਤ ਦੇ ਅੱਠ ਵਜੇ ਤੋਂ ਕੁੱਝ ਮਿੰਟ ਪਹਿਲਾਂ ਆਫਰੀਦੀ ਸਾਹਿਬ ਤੇ ਉਨ੍ਹਾਂ ਦਾ ਸਾਥੀ ਬ੍ਰੀਗੇਡੀਅਰ ਮੈਨੂੰ ਮੁਲਾਕਾਤ ਲਈ ਲੈਣ ਆ ਗਏ । ਸਾਥੀਆਂ ਨਾਲ ਕੁੱਝ ਜ਼ਰੂਰੀ ਸਲਾਹ ਮਸ਼ਵਰਾ ਕਰਨ ਤੋਂ ਬਾਦ, ਮੈਂ ਉਹਨਾਂ ਨਾਲ ਕਾਰ ਵਿੱਚ ਬੈਠਕੇ ਏਅਰਪੋਰਟ ਟਰਮੀਨਲ ਲਈ ਰਵਾਨਾ ਹੋ ਗਿਆ । ਇਸ ਵੇਲੇ ਤੱਕ ਅਸੀਂ ਜਹਾਜ਼ ਵਿੱਚ ਸਵਾਰ ਸੱਭ ਔਰਤਾਂ, ਬੱਚੇ, ਵਿਦੇਸ਼ੀ ਅਤੇ ਸਿੱਖ ਮੁਸਲਿਮ ਸਵਾਰੀਆਂ, ਫਰਾਖਦਿਲੀ ਦਾ ਮੁਜ਼ਾਹਰਾ ਕਰਦੇ ਹੋਏ ਸਵੇ-ਇਛੱਤ ਤੌਰ ਤੇ ਰਿਹਾ ਕਰ ਦਿੱਤੇ ਸਨ । ਤੇ ਪਿੱਛੇ ਸਾਡੇ ਕੋਲ ਜਹਾਜ਼ ਦੇ ਅਮਲੇ ਤੋਂ ਬਿਨਾਂ 67 ਹਿੰਦੂ ਮੁਸਾਫਰ ਰਹਿ ਗਏ ਸਨ ।

ਹਵਾਈ ਅੱਡੇ ਦੀ ਜਿਸ ਇਮਾਰਤ ਵਿੱਚ ਗੱਲਬਾਤ ਹੋਣੀ ਸੀ, ਕਾਰ ਉਸ ਤੋਂ ਕੁੱਝ ਕਦਮਾਂ ਦੇ ਫਾਸਲੇ ਤੇ ਰੁਕੀ । ਆਫਰੀਦੀ ਸਾਹਿਬ ਤੇ ਉਨ੍ਹਾਂ ਦੇ ਸਾਥੀ ਮੈਨੂੰ ਇੱਕ ਹਾਲ ਨੁਮਾਂ ਕਮਰੇ ਵਿੱਚ ਲੈ ਗਏ, ਜਿਸ ਦੇ ਇੱਕ ਕੋਨੇ ਵਿੱਚ ਕੁੱਝ ਸੋਫੇ ਲੱਗੇ ਹਪਏ ਸਨ । ਇਨ੍ਹਾਂ ਸੋਫਿਆਂ ਉਤੇ ਹੀ ਪਾਕਿਸਤਾਨ ਵਿੱਚ ਭਾਰਤੀ ਰਾਜਦੂਤ ਨਟਵਰ ਸਿੰਘ ਤੇ ਉਸਦੇ ਸਾਥੀ ਬੈਠੇ ਸਨ । ਆਫਰੀਦੀ ਸਾਹਬ ਨੇ ਮੇਰੀ ਉਨ੍ਹਾਂ ਨਾਲ ਜਾਣ ਪਛਾਣ ਕਰਵਾਈ ਤੇ ਮੈਂ ਵੀ ਇੱਕ ਖਾਲੀ ਪਏ ਸੋਫੇ ਤੇ ਬੈਠ ਗਿਆ । ਪਾਕਿਸਤਾਨੀ ਅਧਿਕਾਰੀ ਆਲੇ ਦੁਆਲੇ ਖੜ੍ਹੇ ਰਹੇ । ਇੰਨੀ ਦੇਰ ਵਿੱਚ ਪੱਤਰਕਾਰਾਂ ਦਾ ਇੱਕ ਭਾਰੀ ਹਜੂਮ ਕਮਰੇ ਵਿੱਚ ਦਾਖਲ ਹੋ ਗਿਆ ਤੇ ਮੈਨੂੰ ਸਾਰੇ ਪਾਸਿਉਂ ਘੇਰ ਕੇ ਸਵਾਲ ਕਰਨ ਲੱਗਾ । ਮੈਂ ਹਾਲੇ ਇੱਕ ਦੋ ਸਵਾਲਾਂ ਦੇ ਜਵਾਬ ਹੀ ਦਿੱਤੇ ਸਨ, ਕਿ ਨਟਵਰ ਸਿੰਘ ਨੇ ਪਾਕਿਸਾਤਨੀ ਅਧਿਕਾਰੀਆਂ ਕੋਲ ਇਸ "ਪ੍ਰੈਸ ਮਿਲਣੀ ਦੇ ਖਿਲਾਫ ਪ੍ਰੋਟੈਸਟ ਕਰਨਾ ਸ਼ੁਰੂ ਕਰ ਦਿੱਤਾ । ਇਸ ਪ੍ਰੋਟੈਸਟ ਤੋਂ ਬਾਦ ਪਾਕਿਸਤਾਨੀ ਅਧਿਕਾਰੀਆਂ ਨੇ ਪੱਤਰਕਾਰਾਂ ਨੂੰ ਕਮਰੇ ਵਿੱਚੋਂ ਚਲੇ ਜਾਣ ਲਈ ਕਹਿ ਦਿੱਤਾ। ਨਟਵਰ ਸਿੰਘ ਨਾਲ ਮੇਰੀ ਗੱਲ ਸਿਰਫ ਤਿੰਨ ਚਾਰ ਮਿੰਟ ਦੀ ਸੀ, ਉਸ ਨੇ ਬਿਨ੍ਹਾਂ ਕਿਸੇ ਤਕਲੁੱਫ ਦੇ ਮੈਨੂੰ ਸੰਬੋਧਨ ਹੋ ਕੇ ਕਿਹਾ, "ਆਪ ਬਤਾਈਏ।" ਤੇ ਮੈਂ ਫਿਰ ਆਫਰੀਦੀ ਸਾਹਬ ਤੇ ਉਨ੍ਹਾਂ ਦੇ ਸਾਥੀ ਨਾਲ ਕਾਰ ਵਿੱਚ ਸਵਾਰ ਹੋ ਕੇ ਵਾਪਿਸ ਆਪਣੇ ਸਥੀਆਂ ਕੋਲ ਜਹਾਜ਼ ਵਿੱਚ ਪਹੁੰਚ ਗਿਆ । ਵਾਪਿਸ ਆ ਕੇ ਮੈਂ ਅਪਾਣੇ ਸਾਥੀਆਂ ਨੂੰ ਸਾਰੀ ਗੱਲਬਾਤ ਤੋਂ ਜਾਣੂ ਕਰਵਾਇਆ।



30 ਸਤੰਬਰ ਦੀ ਸਵੇਰ ਨੂੰ ਮੈਂ ਇੱਕ ਪਾਕਿਸਤਾਨੀ ਅਧਿਕਾਰੀ ਨਾਲ ਏਅਰਪੋਰਟ ਬਿਲਡਿੰਗ ਵਿੱਚ ਨਹਾਣ ਚਲਾ ਗਿਆ ਤੇ ਨਹਾ ਕੇ ਛੇਤੀ ਹੀ

# ਨੀ ਚਿੜੀਉ

ਨੀ ਚਿੜੀਉ, ਦਸ਼ਮੇਸ਼ ਨੇ ਤੁਹਾਡੇ ਤੋਂ
ਬਾਜਾਂ ਨੂੰ ਤੁੜਵਾਇਆ ਸੀ।
ਤੇ ਸਾਨੂੰ, ਬੱਲਹੀਣੇ ਲੋਕਾਂ ਨੂੰ
ਖਾਲਸਾ ਸਜਾਇਆ ਸੀ।
ਨੀ ਚਿੜੀਉ,
ਸਾਡਾ ਤੁਹਾਡਾ, ਨਾਤਾ ਪੁਰਾਣਾ ਹੈ।
ਸ਼ਾਇਦ ਇਸੇ ਲਈ, ਤੁਸੀਂ ਸ਼ੁਰੂ ਕੀਤਾ
ਇਹ ਆਣਾ ਜਾਣਾ ਹੈ।
ਤੁਹਾਡੇ ਲਈ ਤਾਂ, ਕੋਈ ਤਾਲੇ ਨਹੀ
ਸਰਹੱਦਾਂ ਨਹੀਂ, ਪਹਿਰੇ ਨਹੀਂ।
ਆਪਣੇ ਆਲ੍ਹਣੇ ਨੇ
ਤੇ ਆਪਣੀ ਮਰਜ਼ੀ ਹੈ
ਕਿਸੇ ਨੂੰ ਪੁੱਛ ਕੇ ਉਡਣਾ ਨਹੀਂ
ਕਿਸੇ ਦੇ ਕਹਿਣ ਤੇ ਠਹਿਰੇ ਨਹੀਂ।
ਨੀ ਚਿੜੀਉ,
ਤੁਹਾਡੇ ਦਸ਼ਮੇਸ਼ ਦਾ ਖਾਲਸਾ
ਅੱਜ ਗੁਲਾਮੀ ਦੀ ਜਕੜ ਵਿਚ ਹੈ
ਤੇ ਕਾਂ ਵਰਗੇ
ਸ਼ਾਤਰ ਦੁਸ਼ਮਣ ਦੀ ਪਕੜ ਵਿਚ ਹੈ।
ਆਜ਼ਾਦੀ ਲਈ ਲੜਦੇ ਹਾਂ।
ਇਸੇ ਲਈ ਤਾਲੇ 'ਚ ਬੰਦ ਹਾਂ ਚਿੜੀਉ,
ਬੇ-ਘਰੇ ਹਾਂ ਬੇ-ਅਣਖੇ ਨਹੀਂ
ਇਸੇ ਲਈ 'ਦਹਿਸ਼ਤ ਪਸੰਦ' ਹਾਂ ਚਿੜੀਉ।
ਨੀਂ ਚਿੜੀਉ, ਸਰਹੱਦ ਦੇ ਉਸ ਪਾਰ ਜਾਉ
ਲਿਆ ਕੇ ਜੂਝਦੇ ਵੀਰਾਂ ਦੀ ਕੋਈ ਖਬਰ ਸੁਣਾਉ।
ਨਾਲੇ ਕਹਿ ਦਿਉ, ਕਿ ਸਾਡਾ ਫਿਕਰ ਨਾ ਕਰਨ
ਕਹਿ ਦਿਉ, ਕਲਮਾਂ ਨੂੰ ਹੁਣ ਤਲਵਾਰਾਂ ਬਣਨ।
ਅਸੀ ਲ਼ੜੇ ਹਾਂ, ਲੜਾਂਗੇ, ਆਖਰੀ ਸਾਹ ਤਕ
ਅਸੀ ਆਣ ਪਹੁੰਚੇ ਹਾਂ
ਮੰਜਿਲ ਦੇ ਅੱਧ ਰਾਹ ਤੱਕ
ਬਾਕੀ ਦਾ ਅੱਧ ਰਾਹ ਵੀ ਤਹਿ ਕਰਾਂਗੇ
ਜੇ ਸੀਸ ਲਹਿ ਗਿਆ ਯਾਰੋ ਤਲੀ ਤੇ ਧਰਾਂਗੇ।
ਨੀ ਚਿੜੀਉ,
ਸਰਹੱਦ ਦੇ ਉਸ ਪਾਰ ਜਾਉ
ਲਿਆ ਕੇ ਜੂਝਦੇ ਵੀਰਾਂ ਦੀ ਕੋਈ ਖਬਰ ਸੁਣਾਉ।
* * *

ਵਾਪਿਸ ਆ ਗਿਆ । ਵਾਪਿਸ ਆ ਕੇ ਤੇਜਿੰਦਰ ਪਾਲ ਤੇ ਕਰਣ ਸਿੰਘ ਨੂੰ ਭੇਜ ਦਿੱਤਾ । ਇੰਨੀ ਦੇਰ ਵਿੱਚ ਆਫਰੀਦੀ ਸਾਹਬ ਲਾਹੌਰ ਦੀਆਂ ਕੁੱਝ ਉਰਦੂ ਅਖਬਾਰਾਂ ਤੇ ਮੁਸਾਫਰਾਂ ਵਾਸਤੇ ਨਾਸ਼ਤਾ ਲੈ ਕੇ ਆ ਗਏ । ਅਖਬਾਰ ਸਾਡੀ ਹਾਈਜੈਕਿੰਗ ਦੀਆਂ ਖਬਰਾਂ ਨਾਲ ਭਰੇ ਪਏ ਸਨ ।

ਸਤਿਨਾਮ ਸਿੰਘ ਤੇ ਜਸਬੀਰ ਸਿੰਘ ਜਹਾਜ਼ ਦੇ ਅਗਲੇ ਤੇ ਪਿੱਛਲੇ ਦਰਵਾਜ਼ੇ ਵਿੱਚ ਆਪਣੀਆਂ ਪੋਜ਼ੀਸ਼ਨਾਂ ਤੇ ਖੜ੍ਹੇ ਸਨ ਅਤੇ ਮੈਂ ਜਹਾਜ਼ ਤੋਂ ਕੁੱਝ ਫਾਸਲੇ ਤੇ ਆਫਰੀਦੀ ਸਾਹਿਬ ਤੇ ਉਹਨਾਂ ਦੇ ਸਾਥੀ ਨਾਲ ਬੈਠਾ ਗੱਲਬਾਤ ਕਰ ਰਿਹਾ ਸਾਂ । ਗੱਲਵਾਤ ਦਾ ਵਿਸ਼ਾ ਸਾਡੀਆਂ ਮੰਗਾਂ ਬਾਰੇ ਹੁਣ ਤੱਕ ਦਾ ਦੋਹਾਂ ਸਰਕਾਰਾਂ ਦਾ ਰਵਈਆ ਸੀ । ਆਫਰੀਦੀ ਸਾਹਿਬ, ਮੇਰੇ ਬਹੁਤੇ ਸਵਾਲਾਂ ਦੇ ਜਵਾਬ ਵਿੱਚ ਮੈਨੂੰ ਮੁੜ੍ਹ-ਮੁੜ੍ਹ ਇਹ ਯਕੀਨ ਦਿਵਾ ਰਹੇ ਸਨ ਕਿ ਸਾਡੇ ਨਾਲ ਗੱਲ ਕਰਨ ਲਈ ਇਸਲਾਮਾਬਾਦ ਤੋਂ ਕੋਈ ਹੋਰ ਉੱਚ ਅਧਿਕਾਰੀ ਆ ਰਿਹਾ ਹੈ ਤੇ ਸਾਡੀਆਂ ਮੰਗਾਂ ਬਾਰੇ ਕੋਈ ਫੈਸਲਾਕੁੰਨ ਗੱਲ ਉਹੀ ਕਰੇਗਾ । ਬਸ ਇਹਨਾਂ ਗੱਲਾਂ ਦੌਰਾਨ ਹੀ, ਅਚਾਨਕ ਉਹ ਕਾਰਵਾਈ ਹੋਈ, ਜਿਸ ਨੂੰ "ਕਮਾਂਡੋ ਐਕਸ਼ਨ" ਕਿਹਾ ਗਿਆ । ਮੇਰੇ ਦੇਖਦੇ ਦੇਖਦੇ ਸਤਿਨਾਮ ਸਿੰਘ ਤੇ ਜਸਬੀਰ ਸਿੰਘ ਜਹਾਜ਼ ਦੀਆਂ ਪੌੜ੍ਹੀਆਂ ਚੋਂ ਥੱਲੇ ਡਿਗੇ ਅਤੇ ਸਟੇਨ ਗੰਨਾਂ ਵਾਲੇ ਕਮਾਂਡੋਜ਼ ਨੇ ਉਨਾਂ ਨੂੰ ਘੇਰ ਲਿਆ । ਮੈਨੂੰ ਵੀ, ਕੁਰਸੀ ਉਤੇ ਬੈਠੇ ਨੂੰ ਪਿੱਛੋਂ ਧੱਕਾ ਜਿਹਾ ਮਾਰ ਕੇ ਇੱਕਦਮ ਸਟੇਨਗੰਨਾਂ ਵਾਲੇ ਕਮਾਂਡੋਆਂ ਨੇ ਘੇਰੇ ਵਿੱਚ ਲੈ ਲਿਆ। ਆਫਰੀਦੀ ਸਾਹਿਬ, "ਸੌਰੀ ਗਜਿੰਦਰ" ਕਹਿ ਕੇ ਇੱਕ ਪਾਸੇ ਚਲੇ ਗਏ ।

ਅਗਲੇ ਪਲ ਅਸੀਂ ਤਿੰਨੋ ਇਕੱਠੇ ਸਟੇਨਗੰਨਾਂ ਵਾਲੇ ਕਮਾਂਡੋਜ਼ ਵਿੱਚ ਘਿਰੇ ਹੋਏ ਸਾਂ, ਸਤਿਨਾਮ ਸਿੰਘ ਤੇ ਜਸਬੀਰ ਸਿੰਘ ਦੇ ਕੁੱਝ ਸੱਟਾਂ ਵੀ ਲੱਗੀਆਂ ਸਨ । ਹੁਣ ਅਸੀਂ ਬਿਲਕੁੱਲ ਇੱਕ ਨਵੀਂ ਸਥਿੱਤੀ ਵਿੱਚ ਸਾਂ ।

ਕਮਾਂਡੋਜ਼ ਜਹਾਜ਼ ਵਿੱਚ ਸਫਾਈ ਕਰਨ ਵਾਲਿਆਂ ਦੀ ਵਰਦੀ ਵਿੱਚ ਆਏ ਸਨ ਤੇ ਉਹਨਾਂ ਦੀ ਅਗਵਾਈ ਕਰਨਲ ਤਾਰਿਕ ਮਹਿਮੂਦ ਨੇ ਕੀਤੀ ਸੀ । ਇਸ ਕਾਰਵਾਈ ਨੂੰ ਪਾਕਿਸਤਾਨੀ ਅਖਬਾਰਾਂ ਨੇ ਵੱਡੇ ਮਾਅਰਕੇ ਦੇ ਰੂਪ ਵਿੱਚ ਉਛਾਲਿਆ। ਪਰ ਮੈਂ ਇਸ ਨਾਲ ਬਿਲਕੁੱਲ ਵੀ ਸਹਿਮਤ ਨਹੀਂ ਹਾਂ । ਸੱਚਾਈ ਇਹ ਹੈ ਕਿ ਅਸੀਂ ਪਾਕਿਸਤਾਨੀਆਂ ਨਾਲ ਕਿਸੇ ਕਿਸਮ ਦੇ ਮੁਕਾਬਲੇ ਦੀ ਸੋਚ ਹੀ ਨਹੀਂ ਸਾਂ ਰੱਖਦੇ ਤੇ ਮੈਂ ਆਪਣੀ ਇਸ ਸੋਚ ਸਬੰਧੀ ਆਫਰੀਦੀ ਸਾਹਿਬ ਨੂੰ ਪਹਿਲਾਂ ਹੀ ਜਾਣੂੰ ਕਰਵਾ ਚੁੱਕਾ ਸਾਂ । ਅਸੀਂ ਪਾਕਿਸਤਾਨੀਆਂ ਨੂੰ ਜਹਾਜ਼ ਵਿੱਚ ਆਵਾਜਾਈ ਦੀ ਖੁੱਲ੍ਹ ਇਸੇ ਲਈ ਦਿੱਤੀ ਹੋਈ ਸੀ ਕਿ ਅਸੀਂ ਉਨ੍ਹਾਂ ਤੋਂ ਕਿਸੇ ਕਿਸਮ ਦੇ ਖੱਤਰੇ ਨੂੰ ਅਨੁਭਵ ਨਹੀ ਸਾਂ ਕਰ ਰਹੇ ਤੇ ਐਸੇ ਮਾਹੌਲ ਵਿੱਚ ਸਾਨੂੰ ਕਾਬੂ ਕਰ ਲੈਣਾ ਕੋਈ ਮਾਅਰਕਾ ਨਹੀਂ ਗਿਣਿਆ ਜਾ ਸਕਦਾ ।

ਗੁਰਮੁੱਖੀ ਦੇ ਪੰਜ ਅੱਖਰਾਂ ਦੇ ਲਫਜ਼ "ਹਾਈਜੈਕਿੰਗ" ਨੂੰ ਦਲ ਖ਼ਾਲਸਾ ਦੇ ਪੰਜ ਸਿੰਘਾਂ ਨੇ ਜ਼ਿੰਦਗੀ ਦਾ ਹਰ ਮੋਹ ਤੋੜ੍ਹ ਕੇ ਹਕੀਕਤ ਦਾ ਰੂਪ ਦਿੱਤਾ ਅਤੇ ਕੌਮੀ ਆਜ਼ਾਦੀ ਦੀ ਲਹਿਰ ਵਿੱਚ ਇੱਕ ਨਵੇਂ ਦੌਰ ਦੀ ਸ਼ੁਰੂਆਤ ਕੀਤੀ । ਦੁਨੀਆਂ ਭਰ ਵਿੱਚ ਕੌਮੀ ਅਜ਼ਾਦੀ ਲਹਿਰਾਂ ਵੱਲੋਂ ਹਾਈਜੈਕਿੰਗ ਨੂੰ ਜਜ਼ਬਾਤਾਂ ਦੇ ਪ੍ਰਗਟਾਅ ਅਤੇ ਲਹਿਰ ਦੇ ਮਕਸਦ ਨੂੰ ਅੱਗੇ ਵਧਾਉਣ ਲਈ ਅਕਸਰ ਵਰਤਿਆ ਜਾਂਦਾ ਰਿਹਾ ਹੈ । ਹਾਈਜੈਕਿੰਗ ਦੇ ਇਤਿਹਾਸ ਵਿੱਚ ਕਿਸੇ ਇਕ ਕਾਰਵਾਈ ਨੇ, ਕਿਸੇ ਕੌਮੀ ਅਜ਼ਾਦੀ ਲਹਿਰ ਨੂੰ ਸ਼ਾਇਦ ਹੀ ਕਦੇ ਇੰਨੇ ਡੂੰਘੇ ਰੂਪ ਵਿੱਚ ਪ੍ਰਭਾਵਤ ਕੀਤਾ ਹੋਵੇ, ਅਤੇ ਇੰਨੀਆਂ ਸਫਲਤਾਵਾਂ ਹਾਸਿਲ ਕੀਤੀਆਂ ਹੋਣ, ਜਿੰਨੀਆਂ ਸਿੱਖ ਸੰਘਰਸ਼ ਦੀ ਇਸ ਪਹਿਲੀ ਹਾਈਜੈਕਿੰਗ ਨੇ ਕੀਤੀਆਂ । ਸਾਡੀ ਹਾਈਜੈਕਿੰਗ ਸੰਤ ਜਰਨੈਲ ਸਿੰਘ ਜੀ ਦੀ ਕੁੱਝ ਦਿਨ ਬਾਦ ਹੋਈ ਰਿਹਾਈ ਦਾ ਅਸਿੱਧਾ ਕਾਰਨ ਬਣੀ, ਅਤੇ ਖ਼ਾਲਿਸਤਾਨ ਦਾ ਨਾਹਰੇ ਨੂੰ ਇੱਕ ਪਾਸੇ ਇਸ ਨੇ ਸਿੱਖ ਅਵਾਮ ਦੇ ਦਿਲਾਂ ਵਿੱਚ ਉਤਾਰਿਆ, ਤੇ ਦੂਜੇ ਪਾਸੇ ਉਸ ਦੀ ਅੰਤਰ-ਰਾਸ਼ਟਰੀ ਪਹਿਚਾਣ ਬਣਾਈ । ਇਸ ਕਾਰਵਾਈ ਤੋਂ ਬਾਦ ਖ਼ਾਲਿਸਤਾਨ ਲਹਿਰ, ਉਸ ਲਕੀਰ ਨੂੰ ਸਦਾ ਸਦਾ ਲਈ ਪਾਰ ਕਰ ਗਈ, ਜਿੱਥੋਂ ਇਸ ਦੇ ਪਿੱਛੇ ਮੁੜ੍ਹਣ ਦੀਆਂ ਸੰਭਾਵਨਾਵਾਂ ਹੋ ਸਕਦੀਆਂ ਸਨ ।

## ਨਨਕਾਣੇ ਦੇ ਆਸ਼ਕ

ਮੈਂ ਆਪਣਾ ਦਰਦ
ਕਿੰਝ ਬਿਆਨ ਕਰਾਂ ਨਨਕਾਣੇ
ਵਾਲਿਆ।
ਤੇਰੇ ਚਰਨਾਂ 'ਚ ਅੱਜ
ਕਿੰਝ ਸੀਸ ਧਰਾਂ ਨਨਕਾਣੇ ਵਾਲਿਆ।
ਤੇਰੇ ਤੋਂ ਨੇੜੇ ਹਾਂ ਕਿੰਨਾ ਤੇਰੇ ਤੋਂ ਅੱਜ
ਦੂਰ ਹਾਂ ਕਿਨਾ
ਤੂੰ ਮੇਰੀ ਤੜਪ ਵੇਖ ਤੇ ਵੇਖ ਮੈਂ
ਮਜਬੂਰ ਹਾਂ ਕਿੰਨਾ।
ਮੈਂ ਸਹਿਕਾਂ ਧੂੜ ਲਈ ਨਨਕਾਣੇ ਦੀ
ਮੱਥੇ ਤੇ ਲਾਵਣ ਨੂੰ
ਮੇਰੇ ਕੋਲ ਦਰਦ ਬਿਨਾ
ਅੱਜ ਕੁਝ ਨਹੀਂ ਯਾਰੋ ਸੁਣਾਵਣ ਨੂੰ।
ਬੇ-ਘਰਿਆਂ ਦਾ ਜੱਗ ਅੰਦਰ
ਕੋਈ ਅੱਜ ਮਿੱਤਰ ਨਾ ਹੋਇਆ
ਆਪਣੇ ਆਪ ਤੇ ਯਾਰੋ
ਮੈਂ ਬਦਕਿਸਮਤ ਅੱਜ ਰੱਜ ਰੋਇਆ।
ਦਿੱਲੀ ਵਾਲੇ ਹੋਏ ਬੈਠੇ
ਯਾਰੋ ਸਾਡੇ ਲਹੂ ਦੇ ਪਿਆਸੇ
ਆਪਣੇ ਜਾਣ ਕੇ ਆ ਪਹੁੰਚੇ ਹਾਂ
ਅੱਲਾ ਵਾਲੇ ਲੋਕਾਂ ਪਾਸੇ।
ਇਸ ਧਰਤੀ ਤੇ ਫਰੀਦ ਜੀ ਦੇ
ਬੋਲ ਵੀ ਕੰਨੀ ਪੈਂਦੇ ਨੇ
ਇਸ ਧਰਤੀ ਤੇ ਮੀਆਂ ਮੀਰ
ਸਾਈ ਦੇ ਪੱਤਰ ਰਹਿੰਦੇ ਨੇ।
ਇਸ ਧਰਤੀ ਤੇ ਬਾਬੇ ਦਾ
ਪੰਜਾ ਵੀ ਲੱਗਿਆ ਹੈ ਯਾਰੋ
ਤੇ ਵਲੀ ਕੰਧਾਰੀ ਦੀ ਸਿੱਲ ਥਲੋਂ
ਚਸ਼ਮਾ ਵਗਿਆ ਹੈ ਯਾਰੋ।
ਬੁੱਤ-ਪ੍ਰਸਤਾਂ ਨੂੰ ਛੱਡ ਕੇ
ਅਸੀ ਰੱਬ ਦੇ ਬੰਦਿਆਂ ਵਲ ਆਏ
ਗੁਲਾਮੀ ਦੇ ਸੰਗਲ ਕੱਟਣ ਲਈ
ਧਰ ਸੀਸ ਤਲੀ ਤੇ ਚੱਲ ਆਏ।
ਉਏ ਅੱਲਾ ਵਾਲੇ ਬੰਦਿਉ ਸੁਣ ਲਉ।
ਅਸੀ ਬਾਬੇ ਦੇ ਜਾਏ ਹਾਂ
ਸੂਲਾਂ ਦੀ ਅਸੀ ਸੇਜ ਪਏ

# ਜਿਨ੍ਹਾਂ ਸਿਦਕ ਨਹੀਂ ਹਾਰਿਆ....

ਮਨਜੀਤ ਸਿੰਘ 'ਕਲਕੱਤਾ'
ਪ੍ਰਧਾਨ, ਸਿੱਖ ਮਿਸ਼ਨ ਇੰਟਰਨੈਸ਼ਨਲ

ਸਿੱਖ ਇਤਿਹਾਸ ਐਸੇ ਸਿਦਕਵਾਨ ਸਿੱਖਾਂ ਦੀਆਂ ਅਜੀਮ ਸ਼ਹਾਦਤਾਂ ਅਤੇ ਕੁਰਬਾਨੀਆਂ ਦੇ ਪਵਿੱਤਰ ਖੂਨ ਨਾਲ ਸਿਰਜਿਆ ਗਿਆ ਹੈ ਜਿਸਦੀ ਦੁਨੀਆਂ ਦੇ ਇਤਿਹਾਸ ਵਿੱਚ ਮਿਸਾਲ ਨਹੀਂ ਮਿਲਦੀ । ਸਿੱਖ ਅਕਾਲ ਪੁਰਖ ਸਾਹਵੇਂ ਹਰ ਰੋਜ ਜਦੋਂ ਅਰਦਾਸ ਵਿੱਚ ਜੁੜਦਾ ਹੈ ਤਾਂ ਗੁਰੂ ਪਾਤਸ਼ਾਹ ਦੀ ਇਬਾਦਤ ਕਰਨ ਉਪਰੰਤ ਇਨ੍ਹਾਂ ਸ਼ਹੀਦਾਂ ਸਾਹਵੇਂ ਹੁੰਦਾ ਹੈ ਜਿਹੜੇ ਗੁਰੂ ਪਾਤਸ਼ਾਹ ਦੇ ਦਰਸਾਏ ਮਨੁਖੀ ਸਵੈਮਾਣ ਅਤੇ ਕੌਮੀ ਆਜ਼ਾਦੀ ਦੇ ਪੰਥਕ ਮੰਤਵ ਲਈ ਅਸਹਿ ਤੇ ਅਕਹਿ ਕਸ਼ਟ ਸਹਾਰਦੇ ਹੋਏ ਗੁਰੂ ਪੰਥ ਦੀ ਸ਼ਮਾਂ ਤੋਂ ਕੁਰਬਾਨ ਹੋ ਗਏ ਪਰ ਧਰਮ ਨਹੀਂ ਹਾਰਿਆ ਤੇ ਸਿੱਖੀ ਸਿਦਕ ਕੇਸਾਂ ਸੁਆਸਾਂ ਨਾਲ ਨਿਭਾਇਆ ।

ਪਰ ਗੁਰੂ ਪੰਥ ਦੇ ਐਸੇ ਵੀ ਅਨੇਕ ਪਰਵਾਨੇ ਹਨ ਜਿਹੜੇ ਜਿਊਂਦੇ ਹੋਏ ਵੀ ਤਿਲ-ਤਿਲ ਕਰਕੇ ਮਰਨਾ ਕਬੂਲ ਕਰਦੇ ਰਹੇ । ਆਪਣੀਆਂ ਮਹਿਲ ਮਾੜੀਆਂ ਛਡ 'ਯਾਰੜੇ ਦਾ ਸੱਥਰ' ਮਨਜ਼ੂਰ ਕਰ 'ਪੰਥ ਦਾ ਘਰ' ਸਿਰਜਣ ਲਈ ਆਪਣਾ ਘਰ ਪਰਿਵਾਰ ਉਜੜਦਾ ਵੇਖ ਵੀ 'ਸ਼ੁਕਰ ਸ਼ੁਕਰ ਸ਼ੁਕਰਾਨਾ ਤੇਰਾ' ਹੀ ਅਲਾਪਦੇ ਰਹੇ । ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਜੀ ਪ੍ਰਤੀ ਪੰਥਕ ਕਵੀ ਵਿਧਾਤਾ ਸਿੰਘ ਤੀਰ ਦੀਆਂ ਸਤਰਾਂ ਗੁਰੂ ਪਾਤਸ਼ਾਹ ਵੱਲੋਂ ਦਰਸਾਏ ਮਾਰਗ ਤੇ ਗੁਰੂ ਕਲਗੀਧਰ ਨੂੰ ਜੀਵਨ ਆਦਰਸ਼ ਸਵੀਕਾਰਨ ਵਾਲੇ ਤਿਆਗੀਆਂ ਦੀ ਵੀ ਦਸ਼ਾ ਬਿਆਨ ਕਰਦੀਆਂ ਹਨ ।

'ਲੋਕ ਸੇਵਾ ਦੀ ਸੁਰਾਹੀਉਂ ਪੀ ਲਈ ਉਸ ਏਤਨੀ
ਮਸਤ ਐਸਾ ਹੋ ਗਿਆ ਚੇਤਾ ਹੀ ਨਾਂ ਘਰਦਾ ਰਿਹਾ'।

ਐਸੇ ਗੁਰੂ ਪਿਆਰੇ ਹਨ ਸ. ਗਜਿੰਦਰ ਸਿੰਘ ਜਿਸਨੇ 29 ਸਤੰਬਰ 1981 ਨੂੰ ਇੱਕ ਐਸੀ ਉਡਾਰੀ ਮਾਰੀ ਕਿ ਉਹ ਆਪਣੇ ਕੌਮੀ ਫਰਜ਼ ਨਿਭਾਉਣ ਲਈ ਬਹੁਤ ਦੂਰ ਜਾ ਨਿਕਲਿਆ । ਸਿੱਖ ਸਟੂਡੈਂਟਸ ਫੈਡਰੇਸ਼ਨ ਵਿੱਚ ਵਿਚਰਦਿਆਂ ਮੈਂ ਉਨ੍ਹਾਂ ਵਿੱਚ ਪੰਥਕ ਜਜ਼ਬੇ ਦੀ ਮੱਚਦੀ ਚੰਗਿਆੜੀ ਵੇਖੀ ਸੀ ਤਾਂ ਉਮਰ ਵਿੱਚ ਵੱਡਾ ਹੋਣ ਕਰਕੇ ਮੈਂ ਉਸ ਗੁਰਸਿਖ ਨੌਜਵਾਨ ਦੀ ਚਾਲ ਨੂੰ ਸਹਿਜ ਵਿੱਚ ਲਿਆਉਣ ਲਈ ਗੁਰੂ ਪਾਤਸ਼ਾਹ ਦੇ ਵਚਨਾਂ ਰਾਹੀਂ ਉਸ ਨੂੰ ਕਹਿਣ ਦਾ ਯਤਨ ਕੀਤਾ ਸੀ ਕਿ "ਜੈਸਾ ਬਿਤੁ ਤੈਸਾ ਹੋਇ ਵਰਤੈ ਅਪੁਨਾ ਬਲੁ ਨਹੀ ਹਾਰੈ ॥" ਭਾਵੇਂ ਉਨ੍ਹਾਂ ਨੇ ਆਪਣੇ ਜੀਵਨ ਦੇ ਆਰੰਭ ਵਿੱਚ ਹੀ ਬਹੁਤ ਵੱਡੀ ਪੁਲਾਂਘ ਪੁੱਟੀ ਪਰ ਮੈਨੂੰ ਇਸ ਗੱਲ ਦੀ ਖੁਸ਼ੀ ਵੀ ਹੈ ਕਿ ਬਾਅਦ ਵਿੱਚ ਆਈਆਂ ਔਕੜਾਂ ਨੂੰ ਉਨਾਂ ਨੇ ਸਹਿਜ ਭਾਵ ਵਿੱਚ ਹੀ ਪ੍ਰਵਾਨ ਕੀਤਾ ।

ਪਰ ਅਜੇ ਵੀ ਮੇਰੀ ਨਾਚੀਜ਼ ਰਾਏ ਇਹ ਹੈ ਕਿ ਜੇਕਰ ਉਹ ਹਵਾਈ ਜਹਾਜ਼ ਅਗਵ੍ਹਾ ਕਰਕੇ ਇਕ ਥਾਂ ਤੇ ਜਾ ਕੇ ਲੰਮੇ ਸਮੇ ਲਈ ਕੈਦ ਨਾ ਹੁੰਦੇ ਤਾਂ ਉਹ ਹੋਰ ਅਨੇਕਾਂ ਨੂੰ ਪੰਥ ਦੇ ਗਾਡੀ ਮਾਰਗ ਉਤੇ ਤੋਰਨ ਦੀ ਸਫਲ ਪ੍ਰੇਰਨਾ ਦੇਣ ਵਿਚ ਵਧੇਰੇ ਸਮਰੱਥ ਹੁੰਦੇ।

ਸ਼ਮਸ਼ੀਰਾਂ ਸੰਗ ਟਕਰਾਏ ਹਾਂ।
ਅਸੀ ਉਹ ਲੋਹਾ ਹਾਂ ਯਾਰੋ
ਜੋ ਤੇਗ ਵੀ ਹੈ ਤੇ ਢਾਲ ਵੀ ਹੈ
ਅਸੀ ਇਕ ਚਟਾਨ ਵੀ ਹਾਂ ਯਾਰੋ
ਜਿਹੜੀ ਲਗਦੀ ਵਾਹਗੇ ਨਾਲ ਵੀ ਹੈ।
ਅੱਜ ਨਹੀਂ ਤੇ ਕੱਲ ਯਾਰੋ
ਤੁਸੀ ਗਲ ਅਸਾਨੂੰ ਲਾਉਗੇ
ਤੇ ਯਾਰੀ ਦਾ ਹੱਥ ਅਸਾਡਾ
ਚੁੰਮ ਚੁੰਮ ਕੇ ਅਪਣਾਉਗੇ।
ਇਹ ਸਾਡਾ ਨਨਕਾਣਾ ਯਾਰੋ
ਇਹ ਸਾਡੇ ਬਾਬੇ ਦਾ ਘਰ
ਇਹ ਸਾਡਾ ਕਾਅਬਾ ਹੈ ਯਾਰੋ
ਇਹ ਸਾਡੇ ਲਈ ਸਵਰਗ ਦਾ ਦਰ
ਇਹ ਦੀ ਦੀਦ ਦੀ ਲੋਚਾ ਅੰਦਰ
ਅੱਜ ਅਸੀ ਇਸ ਦੀ ਦੂਰੀ ਸਹਿ ਰਹੇ
ਐ ਅੱਲਾ ਵਾਲੇ ਹਮਸਾਇਉ
ਸੁਣ ਲਉ ਮੇਰੇ ਲਫਜ ਜੋ ਕਹਿ ਰਹੇ।
ਐ ਨਨਕਾਣੇ ਵਾਲਿਆ ਤੱਕ ਲੈ।
ਤੈਥੋ ਦੂਰ ਇਹ ਤੇਰੇ ਪੁਤਰ
ਤੇਰੀ ਯਾਦ 'ਚ ਸੀਖਾਂ ਪਿੱਛੇ
ਨਨਕਾਣੇ ਦੇ ਆਸ਼ਕ ਰਹਿ ਰਹੇ।
ਮੈਂ ਆਪਣਾ ਦਰਦ
ਕਿੰਝ ਬਿਆਨ ਕਰਾਂ ਨਨਕਾਣੇ
ਵਾਲਿਆ।
ਤੇਰੇ ਚਰਨਾਂ 'ਚ ਅੱਜ
ਕਿੰਝ ਸੀਸ ਧਰਾਂ ਨਨਕਾਣੇ ਵਾਲਿਆ।
* * *

# ਗੰਗੂ ਤੋਂ ਗਾਂਧੀ ਤਕ

ਸਰਹੱਦਾ ਤੇ ਲੜ ਰਹੇ
ਦਸ਼ਮੇਸ਼ ਦੇ ਵਾਰਸੋ
ਬੁੱਧੂ ਸ਼ਾਹ ਦੇ ਵਾਰਸਾਂ ਤੇ
ਗੋਲੀ ਚਲਾ ਰਹੇ ਹੋ।
ਗੰਗੂ ਦੇ ਵਾਰਸਾਂ ਦਾ
ਹੁਕਮ ਵਜਾ ਰਹੇ ਹੋ।
ਉਸ ਪਾਸੇ ਡੁਲ੍ਹਦਾ ਖ਼ੂਨ
ਕੀ ਗੈਰਾਂ ਦਾ ਖ਼ੂਨ ਹੈ?
ਅੰਦਰ ਤੁਹਾਡੇ ਫਿਰਦਾ
ਇਹ ਕੇਹਾ ਜਨੂਨ ਹੈ?
ਜਹਾਂਗੀਰ ਵੇਲੇ
ਮੀਆਂ ਮੀਰ ਹੈ ਸੀ।
ਔਰੰਗਜ਼ੇਬ ਵੇਲੇ
ਬੁੱਧੂ ਸ਼ਾਹ ਫਕੀਰ ਹੈਸੀ।
ਸਾਹਿਬਜ਼ਾਦੀਆਂ ਲਈ
ਸੀ ਕਿਸ ਧਾਹ ਮਾਰੀ?
ਨਬੀ ਖਾਂ ਗਨੀ ਖਾਂ ਨੂੰ
ਕੀ ਸੀ ਲਾਚਾਰੀ?
ਕਿੰਜ ਭੁਲੇ ਹੋ ਅਹਿਸਾਨ
ਮੀਆਂਮੀਰ ਦੇ
ਬੁੱਧੂ ਸਾਹ ਦੇ ਪੁੱਤਰਾਂ ਦੀ
ਸ਼ਮਸ਼ੀਰ ਦੇ?
ਇਹ ਰਾਜੇ ਪਹਾੜੀ
ਗੁਲਾਮੀ ਦੇ ਬੰਧੇਲ।
ਗੰਗੂ ਬ੍ਰਾਹਮਣ ਨਾਲ
ਸਾਡਾ ਹੈ ਕੀ ਮੇਲ?
ਡੋਗਰਿਆਂ ਦੀ ਕੀ
ਭੁਲ ਗਈ ਗਦਾਰੀ
ਗੱਦਾਰਾਂ ਨਾਲ
ਦਸੋ ਸਾਡੀ ਕੀ ਯਾਰੀ?
ਇਹ ਗਾਂਧੀ, ਇਹ ਨਹਿਰੂ
ਜਾਂ ਨਹਿਰੂ ਦੀ ਦੀ ਏ
ਗੰਗੂ ਹੀ ਗੰਗੂ ਨੇ
ਹੋਰ ਇਥੇ ਕੀ ਏ।
* * *



ਪਾਕਿਸਤਾਨ ਜੇਲ੍ਹ ਦੀਆਂ ਯਾਦਾਂ। ਸਿੰਘ ਕੇਸਰੀ ਨਿਸ਼ਾਨ ਝੁਲਾਉਂਦੇ ਹੋਏ।

ਆਮ ਕਰਕੇ ਕਲਮ ਦਾ ਧਨੀ, ਕਰਮ ਦਾ ਸੂਰਮਾ ਨਹੀਂ ਹੁੰਦਾ। ਜਿਸ ਦਾ ਦਿਲ ਕਾਵਿ ਦੀਆਂ ਉਡਾਰੀਆਂ ਭਰਦਾ ਹੋਵੇ ਉਸ ਨੂੰ ਕਈ ਵਾਰ ਯਥਾਰਥ ਦੀ ਗੱਲ ਵਿਸਰ ਜਾਂਦੀ ਹੈ ਪਰ ਸ. ਗਜਿੰਦਰ ਸਿੰਘ ਉਨ੍ਹਾਂ ਵਿਰਲਿਆਂ ਵਿਚੋਂ ਇਕ ਹਨ ਜਿਨ੍ਹਾਂ ਕੋਲ ਗੁਰੂ ਦੀ ਬਖਸ਼ਿਸ਼ ਨਾਲ ਇਕ ਕਵੀ ਦਾ ਦਿਲ ਵੀ ਹੈ ਅਤੇ ਉਹ ਇਕ ਨੀਤੀਵੇਤਾ ਵੀ ਹੈ । ਉਹ ਕੌਮ ਦਾ ਦਰਦ ਅਨੁਭਵ ਕਰਕੇ ਕੇਵਲ ਕਲਮ ਹੀ ਨਹੀਂ ਚਲਾਉਂਦੇ ਸਗੋਂ ਕੌਮ ਦਾ ਭਵਿੱਖ ਬਨਾਉਣ ਲਈ ਆਪ ਵੀ ਮੈਦਾਨੇ-ਜੰਗ ਵਿੱਚ ਨਿਤਰੇ ਹਨ । ਉਹ ਸਿਰਫ ਦੂਜਿਆਂ ਨੂੰ "ਕੁਝ ਕਰਨ" ਦੀ ਨਸੀਅਤ ਦੇਣ ਵਾਲਿਆਂ ਵਿਚੋਂ ਨਹੀਂ ਸਗੋਂ ਖੁਦ ਕਰਮ ਕਮਾਉਣ ਵਿੱਚ ਯਕੀਨ ਰਖਦੇ ਹਨ ।

ਆਪਣੇ ਅੰਗਾਂ-ਸਾਕਾਂ, ਰਿਸ਼ਤੇਦਾਰਾਂ ਤੇ ਮਿੱਤਰ ਪਿਆਰਿਆਂ ਕੋਲੋ ਉਹ 25 ਵਰ੍ਹੇ ਪਹਿਲਾ ਦੂਰ ਚਲੇ ਗਏ ਸਨ । ਪਰ ਉਨ੍ਹਾਂ ਦਾ ਇਸ ਤਰ੍ਹਾਂ ਦੂਰ ਜਾਣਾ ਉਨ੍ਹਾਂ ਦੇ ਜਾਨਣ ਵਾਲਿਆਂ ਨੂੰ ਇੱਕ ਮਾਣ ਨਾਲ ਭਰਪੂਰ ਕਰਦਾ ਹੈ । ਐਸਾ ਵਿਛੋੜਾ ਸਹਿਣਾ ਭਾਵੇ ਅਸਹਿ ਹੁੰਦਾ ਹੈ ਪਰ ਜਿਨ੍ਹਾਂ ਦੇ ਸੀਨੇ ਵਿੱਚ ਪੰਥਕ ਦਰਦ ਦੀ ਤੜਪ ਹੈ, ਜੋ ਆਪਣੀ ਪੁਰ ਅਸਰ ਕਲਮ ਨਾਲ 'ਕੌਮੀ ਵੇਦਨਾ' ਦੀ ਗਾਥਾ ਦਸਕੇ ਸਮੁੱਚੀ ਕੌਮ ਨੂੰ 'ਗੂੜ ਨੀਂਦਰਾ' ਤੋਂ ਜਗਾ ਰਹੇ ਹਨ ਅਤੇ ਜੋ ਹਰ ਸਰੀਰਕ ਮਾਨਸਿਕ ਕਸ਼ਟ ਸਹਿਕੇ ਵੀ ਆਪਣੇ ਨਿਸ਼ਾਨੇ ਤੋਂ ਵਿਚਲਿਤ ਨਹੀਂ ਹੋਏ ਅਤੇ ਹਰ ਰੋਜ ਸਿੱਖੀ ਸਿਦਕ ਦੀ ਅਗਨ ਪ੍ਰੀਖਿਆ ਦੇ ਰਹੇ ਹਨ । ਸਤਿਗੁਰ ਜੀ ਕ੍ਰਿਪਾ ਕਰਕੇ ਉਨ੍ਹਾਂ ਦਾ ਸਿੱਖੀ ਸਿਦਕ ਅੰਤਿਮ ਸਵਾਸਾਂ ਤੀਕ ਨਿਭਾ ਦੇਣ ਤਾਂ ਜੋ ਉਹ ਡਿੱਗੇ- ਢੱਠੇ ਹੌਂਸਲੇ ਵਾਲਿਆਂ ਵਿੱਚ ਵੀ ਆਤਮਿਕ ਪੰਥਕ ਸ਼ਕਤੀ ਦਾ ਦੀਪ ਪ੍ਰਜਵਲਤਿ ਕਰ ਸਕਣ ਜੈਸੇ ਸਤਿਗੁਰਾਂ ਦੇ ਵਚਨ ਹਨ "ਦੀਪਕ ਤੇ ਦੀਪਕੁ ਪਰਗਾਸਿਆ ਤ੍ਰਿਭਵਣ ਜੋਤਿ ਦਿਖਾਈ ॥"

ਜੇਕਰ ਹਰ ਸਿੱਖ ਦੇ ਮਨ ਵਿੱਚ ਨਿੱਜ ਸਵਾਰਥ ਦੀ ਥਾਂ ਉਨ੍ਹਾਂ ਵਰਗੀ ਪੰਥ ਪ੍ਰਸਤੀ ਦੀ ਭਾਵਨਾ ਪੈਦਾ ਹੋ ਜਾਵੇ ਤਾਂ ਫਿਰ ਉਹ ਦਿਨ ਦੂਰ ਨਹੀਂ ਜਦੋਂ ਪੰਥ ਕੀ ਜੀਤ, ਖ਼ਾਲਸੇ ਜੀ ਕੇ ਬੋਲ ਬਾਲੇ, ਸਰਬਤ ਦਾ ਭਲਾ ਦੇ ਮਿਸ਼ਨ ਦੇ ਡੰਕੇ ਚਹੁੰ ਕੂੰਟੀ ਵੱਜਣਗੇ ।

# ਭਾਰਤ ਦਾ "ਅਤਿ-ਲੋੜੀਂਦਾ", ਸਾਡਾ "ਅਤਿ-ਸਤਿਕਾਰਤ"

14 ਸਾਲ ਦੀ ਕੈਦ ਅਤੇ 25 ਸਾਲ ਦੀ ਜਲਾਵਤਨੀ ਸ੍ਰ. ਗਜਿੰਦਰ ਸਿੰਘ ਅੰਦਰ ਸਿੱਖੀ ਲਈ ਕੁਰਬਾਨੀ ਕਰਨ ਦੀ ਭਾਵਨਾ ਨੂੰ ਖਤਮ ਨਹੀਂ ਕਰ ਸਕੀ । ਸ੍ਰ. ਗਜਿੰਦਰ ਸਿੰਘ ਸਿੱਖ ਕੌਮ ਦੇ ਉਸ ਵਰਗ ਦੀ ਪ੍ਰਤੀਨਿਧਤਾ ਕਰਦੇ ਹਨ ਜਿਨ੍ਹਾਂ ਦਾ ਅਕੀਦਾ ਹੈ ਕਿ ਸਿੱਖਾਂ ਦੀ ਕੌਮੀ ਪਹਿਚਾਣ ਪ੍ਰਭੂਸਤਾ ਸੰਪੰਨ ਸਿੱਖ ਰਾਜ ਅੰਦਰ ਹੀ ਸਦਾ ਲਈ ਸੁਰੱਖਿਅਤ ਰਹਿ ਸਕਦੀ ਹੈ ।

ਸ੍ਰ. ਗਜਿੰਦਰ ਸਿੰਘ ਉਸ ਟੀਮ ਦੇ ਆਗੂ ਸਨ ਜਿਨ੍ਹਾਂ ਨੇ 1981 'ਚ ਭਾਰਤੀ ਹਵਾਈ ਜਹਾਜ਼ ਅਗਵ੍ਹਾ ਕੀਤਾ ਸੀ । ਪਿਛਲਾ ਲੰਮਾ ਸਮਾਂ ਸ੍ਰ. ਗਜਿੰਦਰ ਸਿੰਘ ਨੇ ਪਾਕਿਸਤਾਨ ਦੀਆਂ ਜੇਲ੍ਹਾਂ ਅੰਦਰ ਬਿਤਾਇਆ ਹੈ।

ਦਲ ਖ਼ਾਲਸਾ ਦੇ ਅਜੋਕੇ ਸਰੂਪ ਦੇ ਬਾਨੀ ਸ੍ਰ. ਗਜਿੰਦਰ ਸਿੰਘ ਦਾ ਜਨਮ 19 ਨਵੰਬਰ 1951 ਨੂੰ ਪਟਿਆਲਾ ਵਿਖੇ ਹੋਇਆ ਸੀ । ਪੰਜਾਬ ਦਾ ਹਰ ਚੇਤੰਨ ਵਰਗ ਸ੍ਰ. ਗਜਿੰਦਰ ਸਿੰਘ ਦੀ ਖ਼ਾਲਿਸਤਾਨ ਲਹਿਰ ਪ੍ਰਤੀ ਨਿਭਾਈ ਭੂਮਿਕਾ ਬਾਰੇ ਜਾਣਦਾ ਹੈ । ਗਜਿੰਦਰ ਸਿੰਘ ਨੇ ਵਿਦਿਆਰਥੀ ਕਾਲ ਦੌਰਾਨ ਹੀ ਸਰਗਰਮ ਸਿਆਸਤ 'ਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਸੀ । ਉਹ ਸਿਰਦਾਰ ਕਪੂਰ ਸਿੰਘ ਦੀ ਅਗਵਾਈ ਮਾਨਣ ਵਾਲੇ ਇਨਕਲਾਬੀ ਸੋਚ ਦੇ ਧਾਰਨੀ ਚੋਣਵੇਂ ਨੌਜਵਾਨਾਂ ਵਿਚੋਂ ਇਕ ਹਨ । ਸ੍ਰ. ਦਰਸ਼ਨ ਸਿੰਘ ਫੇਰੂਮਾਨ ਦੀ ਸ਼ਹਾਦਤ ਨੇ ਗਜਿੰਦਰ ਸਿੰਘ ਨੂੰ ਭਾਰਤੀ ਹੁਕਮਰਾਨਾ ਦੇ ਖਿਲਾਫ ਝੰਡਾ ਬੁਲੰਦ ਕਰਨ ਲਈ ਪ੍ਰੇਰਿਆ ।

ਗਜਿੰਦਰ ਸਿੰਘ ਨੂੰ ਉਸ ਵੇਲੇ ਪ੍ਰਸਿੱਧੀ ਮਿਲੀ ਜਦੋਂ ਆਪਣੇ 2 ਸਾਥੀਆਂ ਸਮੇਤ ਦਸੰਬਰ 1971 ਨੂੰ ਉਸ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਚੋਣ ਜਲਸੇ ਮੌਕੇ 'ਸਿੱਖ ਹੋਮਲੈਂਡ' ਦੇ ਪੈਂਫਲੈਟ ਸੁੱਟੇ । ਇਸ ਘਟਨਾ ਤੋਂ ਬਾਅਦ ਗਜਿੰਦਰ ਸਿੰਘ ਨੂੰ ਪੁਲਿਸ ਦੀ ਕਰੋਪੀ ਦਾ ਸਾਹਮਣਾ ਕਰਨਾ ਪਿਆ । ਉਨ੍ਹਾਂ ਦੀ ਇਨਕਲਾਬੀ ਸੋਚ ਕਾਰਨ ਸਰਕਾਰ ਨੇ ਉਨ੍ਹਾਂ ਨੂੰ ਸਿੱਖਿਆ ਵਿਭਾਗ ਦੀ ਨੌਕਰੀ 'ਚ ਬਰਖਾਸਤ ਕਰ ਦਿੱਤਾ । ਪੁਲਿਸ ਦੀਆਂ ਜ਼ਿਆਦਤੀਆਂ ਨੇ ਗਜਿੰਦਰ ਸਿੰਘ ਦੇ ਅੰਦਰ ਇੱਕ 'ਇਨਕਲਾਬੀ ਕਵੀ' ਨੂੰ ਜਨਮ ਦਿੱਤਾ । ਸ੍ਰ. ਗਜਿੰਦਰ ਸਿੰਘ ਨੇ ਆਪਣੀ ਪਹਿਲੀ ਕਾਵਿ-ਸੰਗ੍ਰਹਿ 'ਪੰਜ ਤੀਰ ਹੋਰ' 1974 'ਚ ਪੂਰੀ ਕੀਤੀ । ਮਗਰੋਂ ਉਨ੍ਹਾਂ ਨੇ 'ਵਸੀਅਤਨਾਮਾ', 'ਗੰਗੂ ਦੀ ਰੂਹ', 'ਸੂਰਜ ਤੇ ਖ਼ਾਲਿਸਤਾਨ' ਅਤੇ 'ਸੱਜਣੀ, ਸੰਘਰਸ਼ ਤੇ ਸਲਾਖਾਂ', ਨਾਮੀ ਕਾਵਿ-ਸ੍ਰੰਗਹਿ ਲਿਖੇ । ਉਨਾਂ ਦੇ ਲੇਖਾਂ 'ਤੇ ਅਧਾਰਿਤ 'ਲਕੀਰ' ਨਾਮੀ ਕਿਤਾਬ ਵੀ ਖ਼ੂਬ ਚਰਚਾ ਵਿਚ ਰਹੀ।

ਸ੍ਰ. ਗਜਿੰਦਰ ਸਿੰਘ ਵਲੋਂ ਜਹਾਜ਼ ਅਗਵਾ ਕਰਨ ਦੀ ਖਬਰ ਨੇ ਉਨ੍ਹਾਂ ਦੇ ਮਾਂ-ਬਾਪ ਨੂੰ ਬਿਲਕੁਲ ਹੈਰਾਨ ਨਹੀਂ ਕੀਤਾ । ਸਗੋਂ ਇਸ ਦੇ ਉਲਟ ਸ੍ਰ. ਗਜਿੰਦਰ ਸਿੰਘ ਦੀ ਮਾਤਾ ਨੇ 'ਪੁੱਤਰ' ਤੇ 'ਮਾਣ' ਹੋਣ ਦੀ ਗੱਲ ਕਹਿ ਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ । ਸ੍ਰ. ਗਜਿੰਦਰ ਸਿੰਘ ਦੇ ਮਾਂ-ਬਾਪ ਦਾ ਦਿਹਾਂਤ ਉਨ੍ਹਾਂ ਦੀ ਕੈਦੀ ਜ਼ਿੰਦਗੀ ਦੌਰਾਨ ਹੀ ਹੋ ਗਿਆ ਸੀ । ਸ੍ਰ. ਗਜਿੰਦਰ ਸਿੰਘ ਦਾ ਆਨੰਦ ਕਾਰਜ ਬੀਬੀ ਮਨਜੀਤ ਕੌਰ ਨਾਲ ਹੋਇਆ । ਉਨ੍ਹਾਂ ਦੀ ਇੱਕ ਬੱਚੀ ਬਿਕਰਮਜੀਤ ਕੌਰ ਅੱਜ ਕੱਲ੍ਹ ਇੰਗਲੈਂਡ ਵਿੱਚ ਰਹੀ ਹੈ । ਪਿਛਲੇ ਦਿਨੀ ਉਸ ਦਾ ਆਨੰਦ ਕਾਰਜ ਉਥੋਂ ਦੇ ਵਸਨੀਕ ਗੁਰਪ੍ਰੀਤ ਸਿੰਘ ਨਾਲ ਹੋਇਆ।

ਭਾਵੇਂ ਕਿ ਭਾਰਤ ਸਰਕਾਰ ਦੀਆਂ ਨਜ਼ਰਾਂ 'ਚ ਉਹ 20 ਅਤਿ-ਲੋੜੀਂਦੇ ਵਿਅਕਤੀਆਂ 'ਚੋਂ ਇੱਕ ਹਨ, ਪਰ ਸਿੱਖ ਕੌਮ ਲਈ ਉਹ ਆਪਣੇ ਸਮੇਂ ਦੇ ਪ੍ਰਭਾਵਸ਼ਾਲੀ ਅਤੇ ਸਤਿਕਾਰਯੋਗ ਇਨਕਲਾਬੀ ਸਿੱਖ ਹਨ ।

-ਕੰਵਰਪਾਲ ਸਿੰਘ

# ਲੀਡਰਸ਼ਿਪ ਚਾਰਟ

ਗਜਿੰਦਰ ਸਿੰਘ
ਸਤਿਨਾਮ ਸਿੰਘ (ਪ੍ਰਧਾਨ)
ਹਰਚਰਨਜੀਤ ਸਿੰਘ ਧਾਮੀ
ਅਜੀਤ ਸਿੰਘ ਪਨੂੰ (ਅਮਰੀਕਾ)
ਮਨਮੋਹਨ ਸਿੰਘ ਖ਼ਾਲਸਾ (ਯੂ.ਕੇ.)
ਸੁਰਿੰਦਰ ਸਿੰਘ ਸੇਖੋਂ (ਜਰਮਨੀ)
ਜਸਪਾਲ ਸਿੰਘ ਢਿੱਲੋਂ
ਸਰਬਜੀਤ ਸਿੰਘ ਘੁਮਾਣ
ਕੰਵਰਪਾਲ ਸਿੰਘ
ਡਾ. ਮਨਜਿੰਦਰ ਸਿੰਘ ਜੰਡੀ


1


2


3


4


5


6


7


8


9


10

| | |
|---|---|
| 19 ਨਵੰਬਰ1951 | ਪਟਿਆਲਾ ਵਿਖੇ ਜਨਮ |
| ਦਸੰਬਰ 1971 | ਇੰਦਰਾ ਗਾਂਧੀ ਦੀ ਰੈਲੀ ਵਿਚ ਸਿੱਖ ਹੋਮਲੈਂਡ ਦੇ ਪਰਚੇ ਸੁੱਟਣ ਮਗਰੋਂ ਗ੍ਰਿਫਤਾਰ |
| 13 ਅਪ੍ਰੈਲ 1975 | ਪਹਿਲਾ ਕਾਵਿ-ਸੰਗ੍ਰਹਿ 'ਪੰਜ ਤੀਰ ਹੋਰ' ਜਾਰੀ |
| ਸਤੰਬਰ 1975 | ਐਮਰਜੈਂਸੀ ਦੌਰਾਨ ਸਰਕਾਰੀ ਨੌਕਰੀ ਤੋਂ ਬਰਖਾਸਤ |
| 5 ਮਈ 1978 | ਦੂਜੀ ਕਿਤਾਬ 'ਗੰਗੂ ਦੀ ਰੂਹ' ਜਾਰੀ |
| 6 ਅਗਸਤ 1978 | ਦਲ ਖ਼ਾਲਸਾ ਦੀ ਸਿਰਜਣਾ ਕੀਤੀ |
| 29 ਸਤੰਬਰ 1981 | ਸੰਤ ਭਿੰਡਰਾਂਵਾਲਿਆਂ ਦੀ ਰਿਹਾਈ ਲਈ ਜਹਾਜ ਅਗਵਾ |
| 10 ਜਨਵਰੀ 1986 | ਲਾਹੌਰ ਦੀ ਅਦਾਲਤ ਵਲੋਂ ਉਮਰ ਕੈਦ ਦੀ ਸਜ਼ਾ |
| 4 ਨਵੰਬਰ 1994 | 13 ਸਾਲ 4 ਮਹੀਨੇ ਦੀ ਕੈਦ ਤੋਂ ਬਾਅਦ ਰਿਹਾਈ |
| 11 ਅਗਸਤ 2001 | ਦਲ ਖਾਲਸਾ ਦੇ ਇਜਲਾਸ ਵਲੋਂ ਪਾਰਟੀ ਪ੍ਰਧਾਨ ਨਿਯੁਕਤ |
| 1 ਜਨਵਰੀ 2002 | ਭਾਰਤ ਸਰਕਾਰ ਵਲੋਂ 'ਅਤਿ ਲੋੜੀਂਦਾ ਦਹਿਸ਼ਤਗਰਦ' ਕਰਾਰ |
| 21 ਨਵੰਬਰ 2003 | 'ਲਕੀਰ' (ਲੇਖ-ਸੰਗ੍ਰਹਿ) ਚੰਡੀਗੜ੍ਹ ਵਿਖੇ ਰਿਲੀਜ਼ |
| 01 ਅਕਤੂਬਰ 2005 | ਦਲ ਖ਼ਾਲਸਾ ਦੀ ਪ੍ਰਧਾਨਗੀ ਤੋਂ ਅਸਤੀਫਾ |



ਗਜਿੰਦਰ ਸਿੰਘ

**ਬਾਗ਼ੀ** — ਜਿਸਨੇ ਹਿੰਦੁਸਤਾਨ ਅੱਗੇ ਸਿਰ ਝੁਕਾਉਣ ਤੋਂ ਨਾਂਹ ਕਰ ਦਿੱਤੀ

**ਦੂਰ-ਅੰਦੇਸ਼** — ਜਿਸਨੇ ਦਲ ਖ਼ਾਲਸਾ ਵਰਗੀ ਇਨਕਲਾਬੀ ਸੰਸਥਾ ਦੀ ਸਿਰਜਣਾ ਕੀਤੀ

**ਆਗੂ** — ਜਿਸਨੇ ਉਹ ਕੰਮ ਕੀਤਾ ਜੋ ਦੂਜਿਆਂ ਲਈ ਕਰਨਾ ਔਖਾ ਸੀ

## ਉਨ੍ਹਾਂ ਦੇ ਕੰਮ, ਉਨ੍ਹਾਂ ਦੀ ਸਰਦਾਰੀ ਅਤੇ ਦ੍ਰਿੜ੍ਹਤਾ ਨੂੰ ਸਿਜਦਾ ਕਰਦੇ ਹਾਂ!

**We salute his work, dedication & leadership.**

# ਦਲ ਖ਼ਾਲਸਾ

ਆਜ਼ਾਦ ਭਵਨ, ਸਰਹੱਦੀ ਕੰਪਲੈਕਸ, ਨੇੜੇ ਰੇਲਵੇ ਸਟੇਸ਼ਨ, ਅੰਮ੍ਰਿਤਸਰ ਫੋਨ: 3291092
www.dalkhalsa.com, e-mail: gen_secy@dalkhalsa.com